ਪ੍ਰਕਾਸ਼ਨ ਨੰ : 136

# ਸਦੁ ਸਟੀਕ

10 ਰੁਪਏ

ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

# ਸਦੁ ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ਨੰ. ੯੨੩ ਉਪਰ ' ਸਦੁ ' ਬਾਣੀ ਰਾਮਕਲੀ ਰਾਗ ਵਿੱਚ ਦਰਜ ਹੈ । ਗੁਰੂ ਅਮਰਦਾਸ ਜੀ ਨੇ ਜੋਤੀ ਜੋਤਿ ਸਮਾਉਣ ਸਮੇਂ ਉਚੇਚੇ ਤੌਰ ਤੇ ਸੰਗਤ ਅਤੇ ਸਬੰਧੀਆਂ ਨੂੰ ਇਕਤ੍ਰ ਕਰਕੇ, ਜੋ ਉਪਦੇਸ਼ ਦਿੱਤਾ ਉਸ ਨੂੰ ਆਪ ਜੀ ਦੇ ਪੜਪੋਤਰੇ ' ਸੁੰਦਰ ' ਜੀ ਨੇ ਲਿਖਤੀ ਰੂਪ ਦੇ ਦਿੱਤਾ ਅਤੇ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ' ਆਦਿ ਬੀੜ ' ਦੀ ਸੰਪਾਦਨਾ ਸਮੇਂ ਇਸ ' ਸਦੁ ' ਬਾਣੀ ਨੂੰ ' ਆਦਿ ਬੀੜ ' ਵਿੱਚ ਦਰਜ ਕਰ ਦਿੱਤਾ ।

ਇਸ ਬਾਣੀ ਵਿੱਚ ਭਲੀ ਭਾਂਤ ਸਪਸ਼ਟ ਕੀਤਾ ਗਿਆ ਹੈ ਕਿ ਗੁਰਸਿੱਖਾਂ ਨੇ ਪ੍ਰਾਣੀ ਦੇ ਅਕਾਲ ਚਲਾਣੇ ਨੂੰ ਪ੍ਰਭੂ ਦੀ ਰਜ਼ਾ ਜਾਣਕੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ । ਰੋਣਾ, ਕੁਰਲਾਣਾ ਜਾਂ ਵਿਰਲਾਪ ਨਹੀਂ ਕਰਨਾ । ਸਾਰੀ ਮਰਯਾਦਾ ਗੁਰਮਤਿ ਅਨੁਸਾਰ ਕਰਨੀ ਹੈ । ਕਿਸੇ ਪੰਡਿਤ ਜਾਂ ਅਚਾਰਜੀ ਨੂੰ ਨਹੀਂ ਸਦਣਾ । ਗਰੁੜ ਪੁਰਾਣ ਆਦਿ ਦੀ ਕਥਾ ਨਹੀ ਕਰਵਾਉਣੀ । ਪਿੰਡ, ਪਤਲ, ਕਿਰਿਆ ਦੀਵਾ ਅਤੇ ਫੁਲ ਆਦਿ ਚੁਣਨ ਵਾਲੇ ਕਰਮ ਕਾਂਡ ਨਹੀਂ ਕਰਨੇ । ਬਿਬਾਣ (ਬੁੱਢਾ ਮਰਨਾ) ਨਹੀਂ ਕਢਣੇ । ਕੇਵਲ ਵਾਹਿਗੁਰੂ ਦਾ ਜਾਪ ਕਰਨਾ । ਗੁਰਸਿੱਖਾਂ ਨੂੰ ਸਦ ਕੇ ਸਤ ਸੰਗਤਿ ਵਿੱਚ ਗੁਰਬਾਣੀ ਦਾ ਕੀਰਤਨ, ਗੁਰਬਾਣੀ ਦੀ ਵੀਚਾਰ ਹੀ ਕਰਨੀ ਹੈ ।

ਇਸ ਤੋਂ ਪਹਿਲਾਂ ਕਿ ਇਸ ਬਾਣੀ ਦੇ ਅਰਥ-ਭਾਵਾਂ ਨੂੰ ਸਮਝੀਏ ਤੇ ਇਸ ਬਾਣੀ ਸਬੰਧੀ ਪਾਏ ਗਏ ਭੁਲੇਖਿਆਂ ਤੋਂ ਜਾਣੂੰ ਹੋਈਏ, ' ਮੌਤ ' ਸਬੰਧੀ ' ਗੁਰਮਤਿ ਵਿਚਾਰਾਂ ਤੋਂ ਜਾਣੂੰ ਹੋਣਾ ਜਰੂਰੀ ਹੈ । ਗੁਰਮਤਿ ਸਿਧਾਤਾਂ ਨੂੰ ਨਾ ਸਮਝਣ ਤੇ ਵੀਚਾਰਨ ਕਰਕੇ ਹੀ ਅੱਜ ਸਿੱਖ ਕੌਮ ਵਿੱਚ ਕਈ ਐਸੀਆਂ ਕੁਰੀਤੀਆਂ ਪਸਰ ਰਹੀਆਂ ਹਨ ਜੋ ਗੁਰੂ ਅਮਰਦਾਸ ਪਾਤਸ਼ਾਹ ਜੀ ਦੀ ' ਸਦੁ ' ਬਾਣੀ ਵਿੱਚ ਕੀਤੀ ਵਸੀਅਤ ਦੇ ਬਿਲਕੁਲ ਉਲਟ ਹਨ । ਇਹਨਾਂ ਕੁਰੀਤੀਆਂ ਨੂੰ ਦੂਰ ਕਰਨਾ ਹਰ ਗੁਰਸਿੱਖ ਦਾ ਫਰਜ ਹੈ ।

## ਮੌਤ ਕੀ ਹੈ ?

ਮੌਤ ਸਰੀਰ ਤੇ ਆਤਮਾ ਦੇ ਵਿਛੋੜੇ ਨੂੰ ਕਹਿੰਦੇ ਹਨ । ਜਦੋਂ ਆਤਮਾ ਸਰੀਰ ਨੂੰ ਛੱਡ ਜਾਂਦੀ ਹੈ ਤਾਂ ' ਜੀਵ ' ਦੀ ਮੌਤ ਹੋ ਜਾਂਦੀ ਹੈ । ਜੀਵ ਆਤਮਾ ਇਸ ਪੰਜ ਭੂਤਕ ਸਰੀਰ ਵਿਚੋਂ ਨਿਕਲ ਕੇ ਜਾਂ ਤਾਂ ਪ੍ਰਭੂ ਵਿੱਚ ਅਭੇਦ ਹੋ ਜਾਂਦਾ ਹੈ ਜਾਂ ਕਿਸੇ ਹੋਰ ਜੂਨੀ ਵਿੱਚ ਪ੍ਰਵੇਸ਼ ਕਰ ਜਾਂਦਾ ਹੈ ।

## ਮੌਤ ਪ੍ਰਭੂ ਦੇ ਹੱਥ ਹੈ –

ਕਿਸੇ ਵੀ ਜੀਵ ਦੀ ਮੌਤ ਦਾ ਕਾਰਨ ਬਨਾਉਣ ਵਾਲਾ ਪ੍ਰਭੂ ਆਪ ਹੈ । ਉਹ ਜੀਵਾਂ ਨੂੰ ਆਪਣੇ ਹੁਕਮ ਅੰਦਰ ਹੀ ਸੰਸਾਰ ਤੋਂ ਵਾਪਸ ਬੁਲਾ ਲੈਂਦਾ ਹੈ । ਜਨਮ-ਮਰਨ ਉਸਦੇ ਆਪਣੇ ਹੱਥ ਵਿੱਚ ਹੈ ।

ਗੁਰਬਾਣੀ ਦਾ ਫੁਰਮਾਨ ਹੈ-

**ਘਲੇ ਆਵਹਿ ਨਾਨਕਾ, ਸਦੇ ਉਠੀ ਜਾਹਿ ॥** (ਸਾਰੰਗ ਵਾਰ ੪-੧੨੩੯)

## ਮੌਤ ਦਾ ਸਮਾਂ ਨਿਸ਼ਚਿਤ ਹੈ

ਜੋ ਵੀ ਜੀਵ ਸੰਸਾਰ ਵਿੱਚ ਆਉਂਦਾ ਹੈ ਉਹ ਆਪਣੀ ਮੌਤ ਦਾ ਸਮਾਂ ਲਿਖਾ ਕੇ ਆਉਂਦਾ ਹੈ ।

**ਮਰਣੁ ਲਿਖਾਇ ਮੰਡਲ ਮਹਿ ਆਏ ॥** (ਧਨਸਰੀ ਮ: ੧-੬੮੫)

ਬਾਬਾ ਫਰੀਦ ਜੀ ਫਰਮਾਉਂਦੇ ਹਨ -

**ਜਿਤੁ ਦਿਹਾੜੈ ਧਨ ਵਰੀ, ਸਾਹੇ ਲਏ ਲਿਖਾਇ ॥**
**ਮਲਕੁ ਜਿ ਕੰਨੀ ਸੁਣੀਦਾ, ਮੁਹੁ ਦੇਖਾਲੇ ਆਇ ॥**
**ਜਿੰਦੁ ਵਹੁਟੀ ਮਰਣੁ ਵਰੁ, ਲੈ ਜਾਸੀ ਪਰਣਾਇ ॥**

(ਸਲੋਕ ਫਰੀਦ-੧੩੭੭)

ਜਿਸ ਮਨੁੱਖ ਦੀ ਆਯੂ ਪੂਰੀ ਹੋ ਜਾਵੇ ਤੇ ਨਿਸਚਿਤ ਸਮਾਂ ਆ ਜਾਏ ਤਾਂ ਉਹ ' ਮੌਤ' ਦੇ ਵਾਰ ਤੋਂ ਬੱਚ ਨਹੀ ਸਕਦਾ ।

**ਜਿਸ ਕੀ ਪੁਜੈ ਅਉਧ, ਤਿਸੈ ਕਉਣੁ ਰਾਖਈ ॥**

(ਫੁਨਹੇ ਮ: ੫-੧੩੬੩)

ਮੌਤ ਤੋਂ ਕੋਈ ਕਿਸੇ ਨੂੰ ਬਚਾ ਨਹੀ ਸਕਦਾ । ਇਹ ਸਮਾਂ ਆਉਣ ਤੇ ਆਉਣੀ ਹੀ ਆਉਣੀ ਹੈ । ਮੌਤ ਅੱਟਲ ਹੈ ।

**ਆਵਤੁ ਕਿਨੈ ਨਾ ਰਾਖਿਆ, ਜਾਵਤੁ ਕਿਉ ਰਾਖਿਆ ਜਾਇ ॥**

(ਮ: ੧, -੧੩੨੯)

ਜਦੋਂ ' ਮੌਤ ' ਅੱਟਲ ਹੈ, ਆਉਣੀ ਹੀ ਆਉਣੀ ਹੈ ਤਾਂ ਫਿਰ ਇਸ ਤੋਂ ਕਿਉ ਡਰਿਆ ਜਾਏ, ਚਿੰਤਾ ਕਿਉ ਕੀਤੀ ਜਾਏ, ਇਹ ਕਿਸੇ ਇੱਕਲੇ ਦੁੱਕਲੇ ਨੂੰ ਨਹੀ, ਸਭ ਨੂੰ ਆਉਣੀ ਹੈ ।

**– ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ ॥**
**ਇਹੁ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀਂ ਕੋਇ ॥**

(ਸਲੋਕ ਮ: ੯-੧੪੨੯)

**– ਜੋ ਆਇਆ ਸੋ ਚਲਸੀ, ਸਭੁ ਕੋਈ ਆਈ ਵਾਰੀਐ ॥**

(ਆਸਾ ਕੀ ਵਾਰ ਮ: ੧-੪੭੪)

**– ਘਰਿ ਘਰਿ ਏਹੋ ਪਾਹੁਚਾ, ਸਦੜੇ ਨਿਤ ਪਵੰਨਿ ॥**
**ਸਦਣਹਾਰਾ ਸਿਮਰੀਐ, ਨਾਨਕ ਸੇ ਦਿਹ ਆਵੰਨਿ ॥** (ਗਉੜੀ ਮ: ੧-੧੨

## ਮੌਤ ਕਿਤਨੀ ਅਜੀਬ ਹੈ ?

ਜਿਹੜੇ ਸਾਕ ਸਬੰਧੀ ਮਨੁੱਖ ਨਾਲ ਹੱਦੋਂ ਵੱਧ ਪਿਆਰ ਕਰਦੇ ਹਨ ਉਹੀ ਉਸ ਹੱਥਾਂ ਨਾਲ ਫੂਕ ਆਉਂਦੇ ਹਨ ।

ਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ :

**ਘਰ ਕੀ ਨਾਰਿ ਬਹੁਤੁ ਹਿਤੁ ਜਾ ਸਿਉ,**
**ਸਦਾ ਰਹਤ ਸੰਗ ਲਾਗੀ ।।**
**ਜਬ ਹੀ ਹੰਸ ਤਜੀ ਇਹ ਕਾਂਇਆ, ਪ੍ਰੇਤ ਪ੍ਰੇਤ ਕਰ ਭਾਗੀ ।।**

(ਸੋਰਠ ਮ: ੯-੬੩੪)

ਜਿਸ ਸਰੀਰ ਨੂੰ ਮਨੁੱਖ ਸਾਂਭ ਕੇ ਰੱਖਦਾ ਹੈ, ਉਸ ਨੂੰ ਸਾੜ ਦਿਉ, ਜਾਂ ਮਿੱਟੀ ਵਿੱਚ ਦਬ ਦਿਉ, ਮਹਿਸੂਸ ਹੀ ਨਹੀਂ ਹੁੰਦਾ । ਮੌਤ, ਬਾਦਸ਼ਾਹ ਤੇ ਕੰਗਾਲ, ਮੂਰਖ ਤੇ ਪੰਡਤ, ਪਾਪੀ ਤੇ ਧਰਮੀ ਸਭ ਨੂੰ ਆਉਣੀ ਹੀ ਹੈ । ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਮਨੁੱਖ ਰੋਜ਼ ਜੰਮਦੇ ਅਤੇ ਮਰਦੇ ਹਨ । ਕਰੋੜਾਂ ਅਤੇ ਅਰਬਾਂ ਮਨੁੱਖਾਂ ਵਿੱਚੋਂ ਕੁਝ ਕੁ ਹਸਤੀਆਂ ਹਨ ਜਿਨ੍ਹਾਂ ਦੀ ਯਾਦ ਇਤਿਹਾਸ ਵਿੱਚ ਬਾਕੀ ਰਹਿ ਜਾਂਦੀ ਹੈ ।

## ਮੌਤ ਦਾ ਕਾਰਨ ?

ਮੌਤ ਦਾ ਕਾਰਨ ਕੋਈ ਵੀ ਹੋ ਸਕਦਾ ਹੈ - ਉਮਰ ਭੋਗ ਕੇ ਮਰਨਾ, ਕਿਸੇ ਰੋਗ ਨਾਲ ਬਚਪਨ ਜਾਂ ਜਵਾਨੀ ਵਿੱਚ ਮਰਨਾ । ਅਚਾਨਕ ਮੌਤ, ਦਿਲ ਦੀ ਧੜਕਣ ਬੰਦ ਹੋਣ ਜਾਂ ਕਿਸੇ ਦੁਰਘਟਨਾ ਨਾਲ ਸਰੀਰਕ ਜਾਂ ਮਾਨਸਿਕ ਦੁੱਖਾਂ ਤੋਂ ਤੰਗ ਆ ਕੇ ਆਤਮਘਾਤ ਕਰਨਾ । ਲੜਾਈ ਜਾਂ ਜੰਗ ਦੇ ਮੈਦਾਨ ਵਿੱਚ ਸਰੀਰ ਤਿਆਗਣਾ । ਧਰਮ, ਨੇਕੀ ਤੇ ਉੱਚੇ ਆਦਰਸ਼ ਲਈ ਸ਼ਹੀਦ ਹੋਣਾ ।

ਕਾਰਨ ਕੋਈ ਵੀ ਹੋਵੇ ਪਰ ਇਹ ਅਸਲੀਅਤ ਹੈ ਕਿ ਮੌਤ ਅਕਾਲ ਪੁਰਖ ਦੇ ਹੁਕਮ ਵਿੱਚ ਹੀ ਹੁੰਦੀ ਹੈ । ਉਸਦੇ ਹੁਕਮ ਬਿਨਾਂ ਮਨੁੱਖ ਸਰੀਰ ਨਹੀਂ ਤਿਆਗ ਸਕਦਾ । ਮੌਤ ਦਾ ਕਾਰਨ ਬਨਾਉਣ ਵਾਲਾ ਵੀ ਉਹ ਆਪ ਹੀ ਹੈ ।

**ਕਾਰਣੁ ਕਰਤੇ ਵਸਿ ਹੈ, ਜਿਨਿ ਕਲ ਰਖੀ ਧਾਰਿ ।।**

(ਮਾਝ ਕੀ ਵਾਰ ਮ: ੧-੧੪੮)

## ਮੌਤ ਦਾ ਡਰ

ਆਮ ਮਨੁੱਖ ਮੌਤ ਤੋਂ ਕਿਉ ਡਰਦੇ ਹਨ, ਇਸ ਦੇ ਕਈ ਕਾਰਨ ਹਨ ।

(ੳ) ਇਸ ਖਿਆਲ ਨਾਲ ਕਿ ਮਰਨ ਨਾਲ ਜੀਵਨ ਦਾ ਅੰਤ ਹੋ ਜਾਂਦਾ ਹੈ ।
(ਅ) ਇਸਤਰੀ ਪੁੱਤਰਾਂ, ਸਾਕਾਂ, ਸਬੰਧੀਆਂ ਦੇ ਸਦੀਵੀ ਵਿਛੋੜੇ ਦਾ ਖਿਆਲ ।
(ੲ) ਭੋਗ ਬਿਲਾਸ ਤੇ ਪਦਾਰਥਾਂ ਵਿੱਚ ਸੁਰਤ ਦਾ ਵਧੇਰੇ ਖਚਤ ਹੋਣਾ ।
(ਸ) ਮਰਨ ਵਾਲੇ ਮਨੁੱਖ ਦੀ ਅੰਤਮ ਦਰਦਨਾਕ ਦਸ਼ਾ ।

ਸਤਿਗੁਰੂ ਸਾਹਿਬਾਨ ਨੇ ਸਿੱਖ ਨੂੰ ਬਾਣੀ ਦਾ ਉਪਦੇਸ਼ ਕਰਕੇ, ਅੰਮ੍ਰਿਤ ਛਕਾ ਕੇ, ਅਕਾਲ ਪੁਰਖ ਦਾ ਸ਼ਿਮਰਨ ਦਸ ਕੇ ਮੌਤ ਦੇ ਡਰ ਤੋਂ ਰਹਿਤ ਕਰ ਦਿੱਤਾ ਹੈ । ਸਿੱਖ ਲਈ ਮੌਤ ਇੱਕ ਤਬਦੀਲੀ ਹੈ । ਸਿੱਖ ਹੁਕਮੀ ਬੰਦਾ ਹੈ, ਉਹ ਮੌਤ ਨੂੰ ਅਕਾਲ ਪੁਰਖ ਦੀ ਰਜ਼ਾ ਸਮਝਦਾ ਹੈ । ਉਹ ਇਹਨਾਂ ਗੁਰਵਾਕਾਂ ਨੂੰ ਚੰਗੀ ਤਰ੍ਹਾਂ ਦ੍ਰਿੜ ਕਰਦਾ ਹੈ ।

**– ਜੰਮਣੁ ਮਰਣਾ ਹੁਕਮੁ ਹੈ, ਭਾਣੈ ਆਵੈ ਜਾਇ ।।**

(ਆਸਾ ਮਹਲਾ ੧-੪੭੨)

– ਆਵਨ ਜਾਨੁ ਇਕੁ ਖੇਲੁ ਬਣਾਇਆ ॥
ਆਗਿਆਕਾਰੀ ਕੀਨੀ ਮਾਇਆ ॥ (ਗਉੜੀ ਮ: ੫-੨੯੪)

– ਨਹ ਕਿਛੁ ਜਨਮੈ ਨਹ ਕਿਛੁ ਮਰੈ ॥
ਆਪਨ ਚਲਿਤੁ ਆਪ ਹੀ ਕਰੈ ॥ (ਸੁਖਮਨੀ ਸਾਹਿਬ-੨੮੧)

– ਜੈਸੇ ਹਰ ਹਟ ਕੀ ਮਾਲਾ ਟਿੰਡ ਲਗਤ ਹੈ,
ਇਕ ਸਖਨੀ, ਹੋਰ ਫੇਰ ਭਰੀਅਤ ਹੈ ॥
ਤੈਸੋ ਹੀ ਇਹੁ ਖੇਲੁ ਖਸਮ ਕਾ
ਜਿਉ ਉਸਕੀ ਵਡਿਆਈ ॥ (ਪ੍ਰਭਾਤੀ ਮ: ੧-੧੩੨੯)

# ਅਕਾਲ ਚਲਾਣੇ ਸਮੇਂ ਗੁਰਸਿਖ ਰੀਤੀ

੧. ਪ੍ਰਾਣੀ ਅਗਰ ਕਿਸੇ ਮੰਜੇ ਆਦਿ ਤੇ ਚਲਾਣਾ ਕਰ ਜਾਵੇ, ਤਾਂ ਉਸ ਨੂੰ ਹੇਠਾਂ ਨਹੀਂ ਉਤਾਰਨਾ । ਮੰਜੇ-ਬਿਸਤਰੇ ਆਦਿ ਵਾਸਤੇ ਕਿਸੇ ਪ੍ਰਕਾਰ ਦਾ ਬੇਲੋੜਾ ਵਹਿਮ ਭਰਮ ਕਰਕੇ ਉਸ ਨੂੰ ਜਾਇਆ ਕਰਨ ਦੀ ਲੋੜ ਨਹੀਂ । ਉਸ ਦੇ ਚਲਾਣੇ ਸਮੇਂ ਕਿਸੇ ਪ੍ਰਕਾਰ ਦਾ ਦੀਵਾ, ਵੱਟੀ, ਪਿੰਡ ਪਤਲ ਜਾਂ ਗਊ ਆਦਿ ਨੂੰ ਮਨਸਾਉਣ ਦੇ ਚਕਰ ਵਿੱਚ ਨਹੀਂ ਪੈਣਾ । ਤੁਲਸੀ, ਗੰਗਾ ਜਲ ਅਥਵਾ ਸਾਲਗਰਾਮ ਦੀ ਕਿਸੇ ਪ੍ਰਕਾਰ ਦੀ ਵੀ ਵਰਤੋਂ ਨਹੀਂ ਕਰਨੀ । ਗਰੁੜ ਪੁਰਾਨ ਦੀ ਕਥਾ ਵੀ ਗੁਰੂ ਘਰ ਵਿੱਚ ਵਰਜਿਤ ਹੈ ।

੨. **ਰੋਣਾ ਕੁਰਲਾਣਾ ਨਹੀਂ–** ਪ੍ਰਾਣੀ ਦੇ ਚਲਾਣੇ ਉਪਰੰਤ ਉਸ ਕੋਲ ਗੁਰਬਾਣੀ ਦਾ ਪਾਠ, ਕੀਰਤਨ ਜਾਂ ਵਾਹਿਗੁਰੂ ਦਾ ਜਾਪ ਅਰੰਭ ਕਰ ਦੇਣਾ ਹੈ । ' ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ' ਦੇ ਗੁਰਵਾਕ ਅਨੁਸਾਰ ਭਾਣੇ ਨੂੰ ਖਿੜੇ ਮੱਥੇ ਪ੍ਰਵਾਨ ਕਰਨਾ ਹੈ । ਪ੍ਰਾਣੀ ਦਾ ਇਤਨਾ ਹੀ ਕਿਸੇ ਨਾਲ ਸਬੰਧ ਸੀ, ਕਿਉਂ ਜੋ ' **ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ** ' ਕਿਸੇ ਤਰ੍ਹਾਂ ਦਾ ਰੋਣਾ, ਪਿੱਟਣਾ ਜਾਂ ਵਿਰਲਾਪ ਕਰਨਾ ਆਤਮਿਕ ਕਮਜ਼ੋਰੀ ਦਾ ਸੂਚਕ ਅਤੇ ਗੁਰਮਤ ਸਿਧਾਂਤ ਦੇ ਵਿਰੁੱਧ ਹੈ ।

ਗੁਰਬਾਣੀ ਦਾ ਫੁਰਮਾਨ ਹੈ-

ਜਿਨੀ ਪਛਾਤਾ ਹੁਕਮੁ, ਤਿਨ ਕਦੇ ਨ ਰੋਵਣਾ ॥

(ਗੂਜਰੀ ਕੀ ਵਾਰ ਮ. ੫-੫੨੩)

ਸਤਿਗੁਰਿ ਭਾਣੇ ਆਪਣੇ, ਬਹਿ ਪਰਵਾਰੁ ਸਦਾਇਆ ॥
ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥

(ਸਦੁ-੯੨੩)

ਇਸ ਗੁਰਮਤਿ ਸਿਧਾਂਤ ਬਾਰੇ ਸਾਨੂੰ ਬਾਬਾ ਅੱਟਲ ਰਾਇ ਜੀ ਦੇ ਅਕਾਲ ਚਲਾਣੇ ਵਾਲੀ ਸਾਖੀ ਤੋਂ ਗੁਰਮਤਿ ਸੇਧ ਮਿਲਦੀ ਹੈ ।

**ਬਾਬਾ ਅਟਲ ਰਾਇ ਜੀ ਦਾ ਜਨਮ**-ਬਾਬਾ ਅਟਲ ਰਾਇ ਜੀ ਦਾ ਜਨਮ ਸੰਨ ੧੬੧੯ ਵਿੱਚ ਮਾਤਾ ਨਾਨਕੀ ਜੀ ਦੀ ਕੁੱਖੋਂ ਹੋਇਆ ਸੀ । ਆਪ ਸਦਾ ਭਗਤੀ ਵਿੱਚ ਲੀਨ ਰਹਿੰਦੇ

ਸਨ । ਪਿਆਰ ਤੇ ਸਹਿਜ ਦੀ ਮੂਰਤ ਸਨ । ਆਤਮਿਕ ਸ਼ਕਤੀਆਂ ਆਪ ਮੁਹਾਰੇ ਹੀ ਉਨ੍ਹਾਂ ਵਿੱਚ ਇੱਕਠੀਆਂ ਹੋ ਰਹੀਆਂ ਸਨ । ਇਕ ਸਮੇਂ ਸਾਥੀਆਂ ਨਾਲ ਖੇਡਦੇ ਰਾਤ ਪੈ ਜਾਣ ਕਰਕੇ ਮੀਟੀ ਇਕ ਸਾਥੀ ਦੇ ਸਿਰ ਰਹਿ ਗਈ । ਦੂਸਰੇ ਦਿਨ, ਜਦ ਉਹ ਸਾਥੀ ਖੇਡਣ ਲਈ ਨਾ ਆਇਆ ਤਾਂ ਆਪ ਜੀ ਨੂੰ ਦੱਸਿਆ ਗਿਆ ਕਿ ਸੱਪ ਲੜਨ ਕਰਕੇ ਉਸ ਸਾਥੀ ਦੀ ਮ੍ਰਿਤੂ ਹੋ ਗਈ ਹੈ। ਆਪ ਜੀ ਨੇ ਸਹਿਜ ਸੁਭਾਉ ਹੀ ਕਿਹਾ ਕਿ ਉਹ ਮੱਕਰ ਕਰਦਾ ਹੈ, ਤੇ ਬਾਕੀ ਹਾਣੀਆਂ ਸਮੇਤ ਉਸ ਦੇ ਘਰ ਪੁੱਜੇ । ਉੱਥੇ ਜਾ ਕੇ ਆਪਣੀ ਛੜੀ ਨਾਲ ਲੇਟੇ ਸਾਥੀ ਨੂੰ ਟੁੰਭਿਆ ਤੇ ਕਿਹਾ, ਉੱਠ ਸਾਡੀ ਮੀਟੀ ਦੇਹ । ਉਸ ਨੂੰ ਛੜੀ ਦਾ ਛੋਹਣਾ ਸੀ ਕਿ ਉਹ ਉੱਠ ਬੈਠਾ ਤੇ ਖੇਡਣ ਲਈ ਨਾਲ ਚੱਲ ਪਿਆ । ਸਾਰੇ ਨਗਰ ਵਿੱਚ ਰੌਲਾ ਪੈ ਗਿਆ ਕਿ ਜੇਹੋ ਜੇਹਾ ਬਾਪ ਉਹੋ ਜੇਹਾ ਪੁੱਤਰ। ਜਦ ਗੁਰੂ ਜੀ ਨੇ ਸਾਰੀ ਵਾਰਤਾ ਸੁਣੀ ਤਾਂ ਕਿਹਾ, " ਸਾਡੇ ਘਰ ਕੌਣ ਰੱਬ ਦਾ ਸ਼ਰੀਕ ਜੰਮ ਪਿਆ ਹੈ ।" ਬਾਬਾ ਅਟਲ ਰਾਇ ਜੀ ਨੇ ਜਦ ਗੁਰੂ ਹਰਗੋਬਿੰਦ ਜੀ ਦੇ ਆਖੇ ' ਰੱਬ ਦੇ ਸ਼ਰੀਕ ' ਦੇ ਵਾਕ ਸੁਣੇ ਤਾਂ ਸਮਾਧੀ ਲਗਾ ਲਈ ਤੇ ਪ੍ਰਾਣ ਚੜ੍ਹਾ ਲਏ । ਮਹਾਰਾਜ ਨੇ ਸਤਿਕਾਰ ਨਾਲ ਸਸਕਾਰ ਕੀਤਾ ਤੇ ਵਾਹਿਗੁਰੂ ਦਾ ਸ਼ੁਕਰ ਮਨਾਇਆ । ਸਭ ਸੰਗਤਾਂ ਪਰਚਾਉਣੀ ਲਈ ਆਉਂਦੀਆਂ, ਪਰ ਗੁਰੂ ਜੀ ਸਭ ਨੂੰ ਤੱਸਲੀ ਦੇਂਦੇ ਰਹੇ । ਭਾਈ ਸਾਂਈ ਦਾਸ ਜੀ ਨੇ ਡਰੌਲੀ ਤੋਂ ਆ ਕੇ ਗੁਰੂ ਜੀ ਨੂੰ ਸਹਿਜ ਸੁਭਾਉ ਵਿੱਚ ਵਿਚਰਦੇ ਦੇਖ ਆਖਿਆ, " ਮਹਾਰਾਜ ! ਆਪ ਜੀ ਨੂੰ ਕੋਈ ਗਮ ਨਹੀ ਹੋਇਆ, ਇਹ ਕਿਉ ? ਗੁਰੂ ਮਹਾਰਾਜ ਨੇ ਕਿਹਾ, " ਸਾਂਈ ਦਾਸ, ਇਕ ਲਕੀਰ ਜ਼ਮੀਨ ਉੱਤੇ ਪਾਓ ।" ਸਾਂਈ ਦਾਸ ਨੇ ਇੱਕ ਲਕੀਰ ਖਿੱਚ ਦਿੱਤੀ । ਮਹਾਰਾਜ ਨੇ ਕਿਹਾ, " ਸਾਂਈ ਦਾਸ, ਇਸ ਨੂੰ ਮਿਟਾ ਦੇ । ' ਉਸ ਨੇ ਮਿੱਟਾ ਦਿੱਤੀ । ਜਦ ਲਕੀਰ ਮਿਟ ਗਈ ਤਾਂ ਗੁਰੂ ਹਰਗੋਬਿੰਦ ਜੀ ਨੇ ਪੁੱਛਿਆ, ਸਾਂਈ ਦਾਸ ! ਤੈਨੂੰ ਲਕੀਰ ਪਾਉਣ ਦੀ ਕੋਈ ਖੁਸ਼ੀ ਹੋਈ ਸੀ ? ਮਹਾਰਾਜ ਕਾਹਦੀ ਖੁਸ਼ੀ, ਤੁਸਾਂ ਹੁਕਮ ਕੀਤਾ ਮੈਂ ਖਿੱਚ ਦਿੱਤੀ, ਸਾਂਈ ਦਾਸ ਦਾ ਉੱਤਰ ਸੀ । ਕੋਈ ਮਿਟਾਉਣ ਦੀ ਗਮੀ ਹੋਈ ਹੈ ? ਗੁਰੂ ਹਰਗੋਬਿੰਦ ਜੀ ਨੇ ਫਿਰ ਪੁਛਿਆ । ' ਮਹਾਰਾਜ ਆਪ ਜੀ ਨੇ ਹੁਕਮ ਕੀਤਾ ਮੈਂ ਮਿਟਾ ਦਿੱਤੀ । ਗਮੀ ਕਿਸ ਗੱਲ ਦੀ ?' ਸਾਂਈ ਦਾਸ ਜੀ ਨੇ ਫਿਰ ਆਖਿਆ । ਗੁਰੂ ਹਰਗੋਬਿੰਦ ਜੀ ਨੇ ਗੱਲ ਸਪਸ਼ਟ ਕਰਦੇ ਹੋਏ ਕਿਹਾ, " ਇਸੇ ਤਰ੍ਹਾਂ ਹੈ, ਸਾਂਈ ਦਾਸ, ਜਗਤ ਤਮਾਸ਼ਾ । ਉਸ ਦੇ ਹੁਕਮ ਮੁਤਾਬਕ ਇਹ ਸਰੀਰ ਰੂਪੀ ਲਕੀਰ ਪੈਂਦੀ ਹੈ ਤੇ ਉਸ ਦੀ ਆਗਿਆ ਅਨੁਸਾਰ ਹੀ ਮਿਟ ਜਾਂਦੀ ਹੈ । ਆਗਿਆ ਵਿੱਚ ਰਹਿਣ ਨਾਲ ਨਾ ਗਮੀ ਤੇ ਨਾ ਖੁਸ਼ੀ ਹੁੰਦੀ ਹੈ । ਅਟਲ ਰਾਇ ਇਸ ਬ੍ਰਹਮੰਡ ਵਿੱਚ ਇੱਕ ਲਕੀਰ ਨਿਆਈ ਹੀ ਸੀ, ਸੋ ਉਭਰਨ ਤੇ ਮਿਟਣ ਦੀ ਕੋਈ ਚਿੰਤਾ ਨਹੀ ਰੱਖਣੀ ਚਾਹੀਦੀ ।

(੩) ਪ੍ਰਾਣੀ ਭਾਵੇਂ ਛੋਟੀ ਉਮਰ ਦਾ ਹੋਵੇ ਜਾਂ ਵੱਡੀ, ਸਿੱਖ ਧਰਮ ਵਿੱਚ ਸਸਕਾਰ ਦੀ ਮਰਯਾਦਾ ਹੈ ਕਿਉਂਕਿ ਮ੍ਰਿਤਕ ਸਰੀਰ ਨੂੰ ਬਿਲੇ ਲਾਉਣ ਦਾ ਇਹੀ ਉੱਤਮ ਤਰੀਕਾ ਹੈ । ਹਾਂ ਕਿਧਰੇ ਸਸਕਾਰ ਦਾ ਪ੍ਰਬੰਧ ਨਾ ਹੋ ਸਕਦਾ ਹੋਵੇ ਤਾਂ ਸਰੀਰ ਦੀ ਸੰਭਾਲ ਕਿਸੇ ਵੀ ਯੋਗ ਢੰਗ ਨਾਲ ਕੀਤੀ ਜਾ ਸਕਦੀ ਹੈ, ਕਿਸੇ ਪ੍ਰਕਾਰ ਦਾ ਭਰਮ ਨਹੀ ਕਰਨਾ, ਨਾ ਹੀ ਸਸਕਾਰ ਦੇ ਸਮੇਂ ਵਾਸਤੇ ਦਿਨ ਜਾਂ ਰਾਤ ਦਾ ਹੀ ਕੋਈ ਭਰਮ ਕਰਨਾ ਹੈ ।

(੪) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਵਾ ਕੇ, ਸਵੱਛ ਵਸਤਰ ਪੁਆਏ ਜਾਣ, ਤਖਤੇ ਤੇ ਲਿਟਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ । ਇਸ਼ਨਾਨ ਸਮੇਂ ਤੀਕ ਪਾਠ ਆਦਿ ਹੁੰਦਾ

ਰਹਿਣਾ ਚਾਹੀਦਾ ਹੈ । ਕਕਾਰ ਸਰੀਰ ਤੋਂ ਜੁਦਾ ਨਹੀ ਕਰਨੇ । ਸਸਕਾਰ ਵਾਸਤੇ ਚੱਲਣ ਤੋਂ ਪਹਿਲਾਂ ਲੋੜ ਅਨੁਸਾਰ ਘਰ ਵਿੱਚ ਕੋਈ ਚਾਹ ਪਾਣੀ ਜਾਂ ਚੁੱਲਾ, ਗੈਸ ਬਾਲਣ ਦਾ ਵੀ ਕੋਈ ਵਹਿਮ ਨਹੀ ਕਰਨਾ । ਕਿਸੇ ਬਜ਼ੁਰਗ ਸਜਣ ਦੇ ਮਰਨੇ ਉਪਰ ਬਿਬਾਣ (ਬੁੱਢਾ ਮਰਨਾ) ਆਦਿ ਕੱਢਣਾ ਵੀ ਵਿਵਰਜਿੱਤ ਹੈ ।

(੫) ਸਸਕਾਰੇ ਭੂਮੀ ਤੀਕ ਰਸਤੇ ਵਿੱਚ ਸ਼ਬਦ-ਕੀਰਤਨ ਹੀ ਕਰਨਾ ਹੈ, ਰਸਤੇ ਵਿੱਚ ਜਾਂ ਉੱਥੇ ਪਹੁੰਚ ਕਰਕੇ ਬ੍ਰਾਹਮਣੀ ਮਤ ਅਨੁਸਾਰ ਵਿਸ਼ੇਸ਼ ਬਣਾਏ ਗਏ ਥੜੇ ਉਪਰ ਅਰਥੀ ਰੱਖ ਕੇ, ਕੋਈ ਅੱਧਮਾਰਗੀ ਜਾਂ ਘੜਾ ਆਦਿ ਤੋੜਨ ਦੀ ਰਸਮ ਨਹੀ ਕਰਨੀ ।

(੬) ਸ਼ਮਸ਼ਾਨ ਭੂਮੀ ਪਹੁੰਚਣ ਉਪਰੰਤ ਚਿਤਾ ਦੀ ਤਿਆਰੀ ਤੀਕ ਜਪੁਜੀ ਸਾਹਿਬ ਦਾ ਪਾਠ, ਸਭ ਨੇ ਮਿਲ ਕੇ ਕਰਨਾ ਹੈ । ਚਿਖਾ ਦੇ ਆਸ ਪਾਸ ਕਿਸੇ ਪ੍ਰਕਾਰ ਦੇ ਕੇਸਰ ਆਦਿ ਛਿੜਕਣ ਜਾਂ ਫੁੱਲ ਆਦਿ ਦੇ ਢਕਵੰਜ ਨਹੀ ਕਰਨੇ । ਬੱਚਾ, ਬੁੱਢਾ ਅਥਵਾ ਕਿਸੇ ਕੁਆਰੀ ਕੰਨਿਆ ਜਾਂ ਸੁਹਾਗਨ ਇਸਤਰੀ ਦੇ ਮਰਨ ਉਪਰੰਤ ਵੱਖਰੇ ਵੱਖਰੇ ਕਰਮ ਕੇਵਲ ਬ੍ਰਾਹਮਣੀ ਕਰਮ ਹਨ, ਗੁਰੂ ਘਰ ਵਿੱਚ ਇਹਨਾਂ ਨੂੰ ਕੋਈ ਥਾਂ ਨਹੀ । ਜਪੁਜੀ ਸਾਹਿਬ ਤੋਂ ਬਾਅਦ, ਅਰਦਾਸਾ ਸੋਧ ਕੇ ਚਿਖਾ ਨੂੰ ਅੱਗ ਲਗਾ ਦਿੱਤੀ ਜਾਵੇ । ਅੱਗ ਕੋਈ ਵੀ ਸਬੰਧੀ ਜਾਂ ਸਜਣ ਲਗਾ ਸਕਦਾ ਹੈ, ਉਚੇਚੇ ਤੌਰ ਤੇ ਪੁੱਤਰ ਤੋਂ ਅੱਗ ਲਗਾਣ ਦਾ ਕੋਈ ਨਿਯਮ ਨਹੀ ।

(੭) ਜਦ ਤੀਕ ਚਿਤਾ ਨੇ ਅਗਨੀ ਦੀ ਲਪੇਟ ਵਿੱਚ ਪੂਰੀ ਤਰ੍ਹਾਂ ਆਉਣਾ ਹੈ, ਨੇੜੇ ਥੋੜੀ ਵਿਥ ਤੇ ਬੈਠ ਕੇ ਸ਼ਬਦ ਕੀਰਤਨ ਜਾਂ ਸਮੇਂ ਅਨੁਸਾਰ ਗੁਰਮਤ ਰੀਤੀ ਤੇ ਪ੍ਰਕਾਸ਼ ਪਾਇਆ ਜਾਵੇ ਅਤੇ ਅਨਮਤੀ ਪ੍ਰਭਾਵਾਂ ਤੋਂ ਸੁਚੇਤ ਕੀਤਾ ਜਾਵੇ । ਤੀਲੇ, ਘਾਹ ਆਦਿ ਤੋੜਨਾ, ਕਪਾਲ ਕਿਰਿਆ (ਸਿਰ ਵਿੱਚ ਡਾਂਗ ਮਾਰਨਾ) ਜਾਂ ਕਿਸੇ ਪ੍ਰਕਾਰ ਦਾ ਕੋਈ ਹੋਰ ਬ੍ਰਾਹਮਣੀ ਕਰਮ ਨਹੀ ਕਰਨਾ ।

(੮) ਜਦ ਚਿਤਾ ਪੂਰੀ ਤਰ੍ਹਾਂ ਅੱਗ ਦੀ ਲਪੇਟ ਵਿੱਚ ਆ ਜਾਵੇ ਤਾਂ ' ਸੋਹਿਲਾ ' ਬਾਣੀ ਪੜ੍ਹ ਕੇ, ਅਰਦਾਸਾ ਸੋਧ ਕੇ ਮਿੱਤਰ, ਸਬੰਧੀ ਅਤੇ ਸੰਗਤਾਂ ਵਾਪਸ ਆਪਣੇ ਆਪਣੇ ਘਰ ਵਿੱਚ ਮੁੜ ਆਉਣ । ਘਰ ਪਹੁੰਚ ਕੇ ਇਸ਼ਨਾਨ ਆਦਿ ਜਰੂਰੀ ਨਹੀਂ, ਅਤੇ ਨਾ ਹੀ ਪਾਣੀ ਦੇ ਉਲਟੇ ਸਿੱਧੇ ਛੱਟੇ ਹੀ ਆਪਣੇ ਤੇ ਪਾਣੇ-ਪੁਆਣੇ ਹਨ । ਇਹ ਕਰਮ ਕੇਵਲ ਸੁੱਚ-ਭਿੱਟ ਪਰਛਾਵੇਂ ਦੇ ਵਹਿਮਾਂ ਨਾਲ ਜੁੜੇ ਹੋਏ ਹਨ ਅਤੇ ਵਰੁਨ ਦੇਵਤੇ ਦੀ ਪੂਜਾ ਨਾਲ ਸਬੰਧਿਤ ਹਨ । ਗੁਰਸਿੱਖ ਦਾ ਇਹਨਾਂ ਵਹਿਮਾਂ ਭਰਮਾਂ ਨਾਲ ਕੋਈ ਸਬੰਧ ਨਹੀ । ਹਾਂ ਜਿਹੜੇ ਸਜਣ ਕਾਫੀ ਸਮੇਂ ਤੋਂ ਮਿਰਤਕ ਪ੍ਰਾਣੀ ਕੋਲ ਬੈਠੇ ਰਹੇ ਅਤੇ ਇਸ਼ਨਾਨ ਪਾਣੀ ਨਹੀ ਕਰ ਸਕੇ, ਆਪਣੀ ਸਰੀਰਕ ਚੁਸਤੀ-ਨਿਖਾਰਨ ਵਾਸਤੇ ਇਸ਼ਨਾਨ ਕਰ ਸਕਦੇ ਹਨ ।

(੯) ਸਸਕਾਰ ਤੋਂ ਬਾਅਦ ਘਰ ਆ ਕੇ ਜਾਂ ਕਿਸੇ ਨੇੜੇ ਦੇ ਗੁਰਦੁਆਰੇ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਿਜ ਪਾਠ ਅਰੰਭ ਕਰ ਦੇਣਾ ਚਾਹੀਦਾ ਹੈ । ਯੋਗ ਇਹੀ ਹੈ ਕਿ ਪਾਠ ਆਪ ਮਿਲ ਕੇ ਕੀਤਾ ਜਾਵੇ ਅਤੇ ਆਪਣੇ ਘਰ ਵਿੱਚ ਹੀ ਭੋਗ ਵਾਲੇ ਦਿਨ ਤੀਕ ਨਿਯਮ ਨਾਲ ਰੋਜ਼ਾਨਾ ਕੁਝ ਸਮਾਂ ਕੀਰਤਨ ਅਤੇ ਗੁਰਬਾਣੀ ਆਸ਼ੇ ਨੂੰ ਸਮਝਣ ਲਈ ਕਿਸੇ ਸੋਝੀ ਵਾਲੇ ਯੋਗ ਸੱਜਣ ਤੋਂ ਗੁਰਬਾਣੀ ਕਥਾ ਦਾ ਪਰਵਾਹ ਚਲਾਇਆ ਜਾਵੇ ।

(੧੦) ਸਸਕਾਰ ਤੋਂ ਤੀਜੇ-ਚੌਥੇ ਦਿਨ, ਇਸ ਅੰਦਾਜ਼ੇ ਨਾਲ ਜਦ ਕਿ ਚਿਤਾ ਠੰਡੀ ਹੋ ਚੁੱਕੀ ਹੋਵੇ, ਉਸ ਉਪਰ ਪਾਣੀ ਦਾ ਛਿੜਕਾਅ ਕਰਕੇ (ਤਾਂ ਜੋ ਕਿਤੋਂ ਚਿਤਾ ਦੀ ਗਰਮੀ ਕੋਈ ਸੇਕ ਨਾ ਪਹੁੰਚਾਵੇ) ਸਾਰੀ ਰਾਖ ਨੂੰ ਅਸਥੀਆਂ ਸਮੇਤ ਇਕੱਤਰ ਕਰਨਾ ਹੈ । ਇਸ ਕੰਮ ਵਾਸਤੇ ਸਵੇਰ-ਸ਼ਾਮ, ਬੁੱਧ, ਐਤ ਜਾਂ ਕਿਸੇ ਪ੍ਰਕਾਰ ਦੇ ਦਿਨ ਵਾਰ ਦਾ ਭਰਮ ਨਹੀਂ ਕਰਨਾ ਅਤੇ ਨਾ ਹੀ ਅਸਥੀਆਂ (ਫੁਲ) ਹੀ ਚੁਣਨੀਆਂ ਹਨ । ਰੋਜ਼ਾਨਾ ਸਵੇਰੇ ਜਾਂ ਅਖਾਉਤੀ ਚੌਥੇ ਵਾਲੇ ਦਿਨ ਉਚੇਚੇ ਤੌਰ ਤੇ ਕੱਚੀ ਲੱਸੀ ਦਾ ਛੱਟਾ ਨਹੀਂ ਦੇਣਾ ਅਤੇ ਨਾ ਹੀ ਅੰਗੀਠੇ ਵਾਲੀ ਥਾਂ ਤੇ ਧੂਪ ਆਦਿ ਨੂੰ ਧੁਖਾਉਣਾ ਹੈ, ਇਸ ਧੂਪ ਆਦਿ ਦਾ ਸਬੰਧ ਕੇਵਲ ਮੜ੍ਹੀ ਪੂਜਾ ਨਾਲ ਹੈ, ਜੋ ਗੁਰੂ ਘਰ ਵਿੱਚ ਪਰਵਾਨ ਨਹੀਂ । ਗੁਰੂ ਘਰ ਵਿੱਚ ਇਸ ਸਾਰੇ ਕੰਮ ਦਾ ਨਾਮ **' ਚਉਥਾ ਕਰਨਾ ਨਹੀਂ '** ਬਲਕਿ **' ਅੰਗੀਠੇ ਦੀ ਸੰਭਾਲ '** ਹੈ । **ਅਸਥੀਆਂ ਅਥਵਾ ਫੁੱਲ ਬਿਲਕੁਲ ਨਹੀਂ ਚੁਣਨੇ ।**

ਫੁੱਲਾਂ ਨੂੰ ਉਚੇਚੇ ਤੌਰ ਤੇ ਕੀਰਤਪੁਰ, ਕਰਤਾਰਪੁਰ ਜਾਂ ਹਰਦੁਆਰ ਪਹੁੰਚਾਣਾ ਨਿਰੋਲ ਮਨਮਤ ਅਤੇ ਅਗਿਆਨਤਾ ਹੈ । ਅੰਗੀਠੇ ਦੀ ਸਾਰੀ ਰਾਖ (ਅਸਥੀਆਂ ਸਮੇਤ) ਨੂੰ ਕਿਸੇ ਨੇੜੇ ਵਗਦੇ ਪਾਣੀ ਵਿੱਚ ਵਹਾ ਦੇਣਾ ਹੈ ਜੇਕਰ ਪਾਣੀ ਨੇੜੇ ਨਾ ਹੋਵੇ ਤਾਂ ਨੇੜੇ ਹੀ ਕਿਧਰੇ ਡੂੰਘਾ ਖੱਡਾ ਪੁੱਟ ਕੇ ਉਸ ਵਿੱਚ ਦਬਾ ਦੇਣਾ ਹੈ ।

(੧੧) ਚਲਾਣੇ ਤੋਂ ਦਸਵੇਂ ਦਿਨ, ਭੋਗ ਦੀ ਮਰਿਆਦਾ ਹੈ, ਦਸਵਾਂ ਦਿਨ ਇੱਕ ਅੰਦਾਜ਼ਾ ਹੈ ਕੋਈ ਲਕੀਰ ਨਹੀਂ । ਸਹੂਲਤ ਅਨੁਸਾਰ ਘੱਟ ਵੱਧ ਕੋਈ ਛੁੱਟੀ ਆਦਿ ਦਾ ਦਿਨ ਮੁਕਰਰ ਕੀਤਾ ਜਾ ਸਕਦਾ ਹੈ । ਇਹ ਕੁਝ ਦਿਨਾਂ ਦੀ ਵਿੱਥ ਇਸ ਵਾਸਤੇ ਹੈ ਤਾਂ ਜੋ ਰਿਸ਼ਤੇਦਾਰਾਂ, ਸਬੰਧੀਆਂ ਨੂੰ ਠੀਕ ਤਰ੍ਹਾਂ ਸੂਚਿਤ ਕੀਤਾ ਜਾ ਸਕੇ ।

ਭੋਗ ਦੇ ਦਿਨ ਤੀਕ ਘਰ ਵਿੱਚ ਜਿੱਥੇ ਪਾਠ ਹੋ ਰਿਹਾ ਹੈ, ਉਥੇ ਹੀ ਆਏ ਗਏ ਨੂੰ ਬੈਠ ਕੇ ਪਾਠ ਸੁਣਨ ਜਾਂ ਕਰਨ ਦੀ ਪ੍ਰੇਰਨਾ ਦੇਣੀ ਹੈ । ਕੋਈ ਵੱਖਰੀ ਜਗ੍ਹਾ ਮੁਕਰਰ ਨਹੀਂ ਕਰਨੀ ਅਤੇ ਨਾ ਹੀ ਫੂਹੜੀ ਆਦਿ ਹੀ ਪਾਉਣੀ ਹੈ ।

(੧੨) ਭੋਗ ਵਾਲੇ ਦਿਨ ਬ੍ਰਾਹਮਣੀ ਮੱਤ ਦੀ ਨਕਲ ਕਰਕੇ ਭਾਂਡੇ, ਬਿਸਤਰੇ, ਫਰੂਟ, ਮੰਜੇ ਆਦਿ ਵਸਤਾਂ ਨਹੀਂ ਦੇਣੀਆਂ । ਜੇ ਕੋਈ ਅਨਜਾਣ ਅਜਿਹੀ ਭੁੱਲ ਕਰੇ, ਤਾਂ ਬਿਨਾਂ ਲਿਹਾਜ਼ ਵਾਪਸ ਕਰ ਦੇਣੀਆਂ ਪ੍ਰਬੰਧਕਾਂ ਦਾ ਕੰਮ ਹੈ । ਅਜਿਹੇ ਬਹਾਨੇ ਕਿ ਕਿਸੇ ਦੀ ਸ਼ਰਧਾ ਕਿਵੇਂ ਤੋੜੀ ਜਾਵੇ ਜਾਂ ਗੁਰਦੁਆਰੇ ਦੀ ਕੋਈ ਵਸਤ ਬਣ ਜਾਵੇਗੀ, ਆਪਣੀ ਪ੍ਰਬੰਧਕੀ ਅਯੋਗਤਾ ਦਾ ਪ੍ਰਗਟਾਵਾ ਅਤੇ ਗੁਰੂ ਦੇ ਹੁਕਮਾਂ ਦੀ ਸਿੱਧੀ ਉਲੰਘਣਾ ਵਿੱਚ ਸ਼ਾਮਲ ਹੋਣ ਦੀ ਗੱਲ ਹੈ । ਅਜਿਹੇ ਕੁਕਰਮਾਂ ਵਿਰੁੱਧ ਗੁਰਬਾਣੀ ਵਿੱਚ ਸਖਤ ਤਾੜਨਾ ਹੈ ।

**ਪ੍ਰਬੰਧਕ ਵੀਰਾਂ ਦੀ ਸੇਵਾ ਵਿੱਚ–** ਪ੍ਰਬੰਧਕ ਵੀਰਾਂ ਦੀ ਵੱਡੀ ਜਿੰਮੇਵਾਰੀ ਹੈ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਗੁਰੂ ਆਸ਼ੇ ਅਨੁਸਾਰ ਚਲਾਇਆ ਜਾਵੇ । ਉਹਨਾਂ ਦਾ ਫਰਜ਼ ਬਣਦਾ ਹੈ ਕਿ ਜਦੋਂ ਅਜਿਹੇ ਮੌਕਿਆਂ ਉਪਰ ਅਗਿਆਨੀ ਲੋਕ ਭਾਂਡੇ, ਬਿਸਤਰੇ, ਮੰਜੀਆਂ, ਫਰੂਟ ਆਦਿ ਗੁਰਦੁਆਰੇ ਵਾਸਤੇ ਭੇਟ ਕਰਨ ਤਾਂ ਲੈਣ ਤੋਂ ਕਰੜਾਈ ਨਾਲ ਮਨ੍ਹਾਂ ਕਰ ਦੇਣ ਜਾਂ ਅਜਿਹਾ ਨਾ ਕਰਨ ਵਾਸਤੇ ਪਹਿਲਾਂ ਹੀ ਪ੍ਰੇਰਣਾ ਅਥਵਾ ਬੇਨਤੀ ਕਰ ਦੇਣ । ਅਜਿਹਾ ਸੋਚਣਾ ਅਥਵਾ ਕਹਿਣਾ ਕਿ ਇਸ ਤਰੀਕੇ ਨਾਲ ਗੁਰਦੁਆਰੇ ਦੀ ਕੋਈ ਵਸਤ ਬਣ ਜਾਂਦੀ ਹੈ, ਘਿਨਾਉਣਾ ਕੁਕਰਮ ਹੈ । ਸੰਗਤ ਕਾਮਧੇਨੁ ਹੈ, ਇੱਕ ਅਪੀਲ ਕਰਕੇ ਗੁਰਦੁਆਰੇ ਵਾਸਤੇ ਵਧੀਆ ਤੋਂ

ਵਧੀਆ ਬਿਸਤਰੇ ਬਣ ਸਕਦੇ ਹਨ, ਵਧੀਆ ਤੋਂ ਵਧੀਆ ਬਰਤਨਾਂ ਦੇ ਸੈੱਟਾਂ ਦੇ ਸੈੱਟ ਗੁਰੂ ਕੇ ਲੰਗਰਾਂ ਵਾਸਤੇ ਅਤੇ ਸੰਗਤਾਂ ਦੀ ਸਮੇਂ ਸਮੇਂ ਦੀ ਲੋੜ ਵਾਸਤੇ ਇਕੱਠੇ ਕੀਤੇ ਜਾ ਸਕਦੇ ਹਨ ਅਤੇ ਕੀਤੇ ਵੀ ਜਾ ਰਹੇ ਹਨ ਫਿਰ ਇਹ ਗੱਲ ਵਾਧੂ ਦੀ ਢੁੱਚਰ ਤੋਂ ਛੁੱਟ ਹੋਰ ਕੁਝ ਨਹੀਂ । ਅਜਿਹੇ ਸਮਿਆਂ ਉਪਰ ਗੁਰਦੁਆਰਿਆਂ ਵਿੱਚ ਪੁੱਜੀਆਂ ਰਜਾਈਆਂ, ਤੁਲਾਈਆਂ ਦੇ ਦਰਸ਼ਨ ਕੀਤੇ ਜਾਣ ਤਾਂ ਸੋਚਣਾ ਪੈਂਦਾ ਹੈ ਕਿ ਅਜਿਹੀਆਂ ਵਸਤਾਂ ਗੁਰਦੁਆਰਿਆਂ ਦੇ ਸਨਮਾਨ-ਸਤਿਕਾਰ ਦੇ ਤੁਲ ਹੈਨ ਵੀ ਜਾਂ ਨਹੀਂ ? ਕੇਵਲ ਇਕ ਕਰਮ ਕਾਂਡੀ ਬ੍ਰਾਹਮਣੀ ਰੀਤ ਪੂਰੀ ਕੀਤੀ ਗਈ ਹੈ । ਫਿਰ ਵਿਆਹ-ਸ਼ਾਦੀਆਂ ਸਮੇਂ ਲੱਖਾਂ ਰੁਪਏ ਖਰਚ ਕਰਕੇ ਗੁਰਦੁਆਰਿਆਂ ਵਾਸਤੇ ਕਦੇ ਕਿਸੇ ਨੂੰ ਭਾਂਡੇ ਬਿਸਤਰੇ ਚੇਤੇ ਨਹੀਂ ਹੁੰਦੇ ਪਰ ਬ੍ਰਾਹਮਣਾਂ ਦੀਆਂ ਪਾਈਆਂ ਲਕੀਰਾਂ ਉਪਰ ਅਜਿਹੇ ਸਮੇਂ ਇਹ ਭਾਂਡੇ ਬਿਸਤਰੇ ਕੇਵਲ ਇਸ ਤਰ੍ਹਾਂ ਹਨ ਜਿਵੇਂ ਕਿਸੇ ਦੇ ਪਿਤਾ ਜੀ ਉਪਦੇਸ਼ ਕਰਨ ਕਿ ਬੇਟਾ ਚੋਰੀ-ਜ਼ੁਲਮ ਦੀ ਕਮਾਈ ਨਹੀਂ ਕਰਨੀ ਅਤੇ ' ਸਪੁੱਤਰ ਜੀ ਡਾਕੇ ਮਾਰ ਕੇ, ਗਰੀਬਾਂ ਦਾ ਖੂਨ ਚੂਸ ਕਰਕੇ, ਕਮਾਈ ਲਿਆਉਣ ਅਤੇ ਪਿਤਾ ਜੀ ਦੀ ਝੋਲੀ ਵਿੱਚ ਰੱਖ ਕਰਕੇ ਉਹਨਾਂ ਦੀ ਖੁਸ਼ੀ ਲੈਣੀ ਚਾਹੁਣ, ਜੋ ਨਹੀਂ ਮਿਲ ਸਕਦੀ । ਸ਼ਰਾਬ ਦੀ ਬੋਤਲ ਉਪਰ ਸ਼ਰਬਤ ਦਾ ਲੇਬਲ ਲਗਾ ਕੇ ਉਹ ਸ਼ਰਬਤ ਨਹੀਂ ਬਣ ਸਕਦਾ ।

**ਅਰਦਾਸੀਏ ਸਿੰਘਾਂ ਦੀ ਸੇਵਾ ਵਿਚ–** ਅਗਿਆਨਤਾ ਵਸ ਜਾਂ ਘਰ ਵਾਲਿਆਂ ਦੀ ਵੱਧ ਤੋਂ ਵੱਧ ਖੁਸ਼ੀ ਨੂੰ ਹਾਸਿਲ ਕਰਨ ਵਾਸਤੇ, ਤਾਂ ਜੁ ਉਹਨਾਂ ਨੂੰ ਵੱਡੀ ਭੇਟਾ ਮਿਲੇ, ਸਾਡੇ ਬਹੁਤੇ ਅਰਦਾਸੀਏ ਵੀਰ, ਅਜਿਹੇ ਮੌਕਿਆਂ ਉਪਰ ਅਰਦਾਸਾਂ ਕਰਦੇ ਸੁਣੇ ਹਨ, ' ਹੇ ਸੱਚੇ ਪਾਤਸ਼ਾਹ! ਇਸ ਕੀਤੇ ਅਖੰਡ ਪਾਠ, ਕੀਰਤਨ ਅਤੇ ਦਿੱਤੀਆਂ ਸਮੂਹ ਵਸਤਾਂ ਦਾ ਮਹਾਤਮ ਵਿਛੜੀ ਆਤਮਾ ਨੂੰ ਪ੍ਰਾਪਤ ਹੋਵੇ ' ਇਹ ਇਕ ਵੱਡੀ ਭੁੱਲ ਵਾਲੀ ਗੱਲ ਹੈ । ਜਿਹੜੇ ਗੁਰੂ ਪਾਤਸ਼ਾਹ ੧੪੩੦ ਪੰਨਿਆਂ ਰਾਹੀਂ ਦਰਿੜ ਕਰਵਾ ਰਹੇ ਹਨ ਅਤੇ ' ਜੇ ਮੁਹਾਕਾ ਘਰੁ ਮੁਹੈ ' ਵਾਲੇ ਆਸਾ ਕੀ ਵਾਰ ਵਿਚਲੇ ਸਲੋਕ ਰਾਹੀਂ ਮਿਸਾਲਾਂ ਦੇ ਕਰਕੇ ਸਮਝਾ ਰਹੇ ਹਨ ਕਿ ' **ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ** ' ਉਸੇ ਹੀ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਖੜੇ ਹੋ ਕਰਕੇ ਸੰਗਤਾਂ ਨੂੰ ਪ੍ਰਭਾਵ ਦੇਣਾ ਕਿ ਮਹਾਤਮ ਟਰਾਂਸਫਰ ਹੋ ਜਾਵੇਗਾ, ਇਕ ਘਿਨਾਉਣਾ ਅਤੇ ਨਾ ਬਖਸ਼ਿਆ ਜਾਣ ਵਾਲਾ ਅਗਿਆਨਤਾ ਵਾਲਾ ਕਰਮ ਹੈ । ਅਰਦਾਸ ਕੇਵਲ ਦੋ ਪਹਿਲੂਆਂ ਤੇ ਹੀ ਕਰਨੀ ਹੈ । ਪਹਿਲਾ ਜੋ ਸਾਡਾ ਇਖਲਾਕੀ ਫਰਜ਼ ਹੈ ਅਤੇ ਜਿਸਦਾ ਸਾਨੂੰ ਪਾਤਸ਼ਾਹ ਨੇ ਹੱਕ ਬਖਸ਼ਿਆ ਹੈ ' ਹੇ ਸੱਚੇ ਪਾਤਸ਼ਾਹ ! ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੋਂ ਅਤੇ ਦੂਜਾ ' ਪਰਿਵਾਰ ਤੇ ਸਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੋ '

ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਪ੍ਰਾਣੀ ਤੋਂ ਬਾਅਦ ਜੋ ਵੀ ਅਸਾਂ ਗੁਰਬਾਣੀ ਦੇ ਪਾਠ, ਕੀਰਤਨ-ਕਥਾ ਦਾ ਪਰਵਾਹ ਚਲਾਉਣਾ ਜਾਂ ਦੀਵਾਨ ਕਰਨਾ ਹੈ ਉਸਦਾ ਸਬੰਧ ਘਰ ਵਾਲਿਆਂ ਸਬੰਧੀਆਂ ਅਤੇ ਮਿੱਤਰਾਂ ਨਾਲ ਹੈ, ਜਿਹਨਾਂ ਨੂੰ ਵਿਛੋੜੇ ਦੀ ਅਸਹਿ ਸੱਟ ਲੱਗੀ ਹੈ, ਤਾਂ ਜੋ ਉਹ ਗੁਰੂ ਪਾਸੋਂ ਗੁਰਬਾਣੀ ਰਾਹੀਂ ਇਸ ਜਨਮ ਮਰਨ ਦੇ ਸੱਚ ਦੀ ਵਿਆਖਿਆ ਸਮਝ ਸਕਣ ਅਤੇ ਭਾਣੇ ਵਿੱਚ ਜੀਉਣ ਦਾ ਬਲ ਸਮਰਥਾ ਪ੍ਰਾਪਤ ਕਰ ਸਕਣ ।

(੧੩) ਭੋਗ ਤੋਂ ਬਾਅਦ ਕੋਈ ਸਤਾਰਵਾਂ ਵਰ੍ਹੀਨਾ ਜਾਂ ਸਰਾਧ ਆਦਿ ਨਹੀਂ ਕਰਨਾ ।

**ਵਰ੍ਹੀਣਾ–** ਗਰੁੜ ਪੁਰਾਣ ਦੀ ਵਿਚਾਰਧਾਰਾ ਨੂੰ ਗੁਰੂ ਸਾਹਿਬ ਨੇ ਉੱਕਾ ਹੀ ਪ੍ਰਵਾਨ ਨਹੀਂ ਕੀਤਾ । ਗਰੁੜ ਪੁਰਾਣ ਵਿੱਚ ਮਰਨ ਤੋਂ ਬਾਅਦ ਪ੍ਰਾਣੀ ਵਾਸਤੇ ੮੬੦੦੦ ਯੋਜਨ ਇੱਕ ਬੜਾ ਲੰਮਾ ਬਿਖੜਾ ਰਸਤਾ ਦੱਸਿਆ ਗਿਆ ਹੈ ਜਿਸ ਨੂੰ ਪੂਰਾ ਕਰਨ ਵਾਸਤੇ ੩੬੦ ਦਿਨ ਲੱਗਦੇ ਹਨ । ਰਸਤੇ ਵਿੱਚ ਜਮਾਂ ਦੀਆਂ ਮਾਰਾਂ, ਭੁੱਖਾਂ, ਤੇਹਾਂ, ਘੁੱਪ ਹਨੇਰੇ, ਧੁੱਪਾਂ, ਬਾਰਸ਼ਾਂ ਸਹਿਣੀਆਂ ਪੈਂਦੀਆਂ ਹਨ ਜਿੱਥੇ ਬਾਅਦ ਵਿੱਚ ਦਿੱਤੇ ਹੋਏ ਦੀਵੇ, ਭੁੱਖ ਵਾਸਤੇ ਪਿੰਡ ਪਤਲ, ਛਤਰੀ, ਅੰਨ, ਭਾਂਡੇ, ਬਿਸਤਰਿਆਂ ਦੀ ਲੋੜ ਦੱਸੀ ਗਈ ਹੈ । ਅੰਤ ੫੫੦ ਮੀਲ ਚੌੜੀ ਇੱਕ ਵਿਸ਼ਟਾ, ਪਾਪ, ਲਹੂ, ਗੰਦਗੀ ਦੀ ਭਰੀ ਹੋਈ ਨਦੀ ਪ੍ਰਾਣੀ ਨੂੰ ਤਰਨੀ ਪੈਂਦੀ ਹੈ । ਜੇਕਰ ਬ੍ਰਾਹਮਣ ਨੂੰ ਗਊ ਦਾਨ ਕੀਤੀ ਹੈ ਤਾਂ ਉਸਦੀ ਪੂੰਛ ਪਕੜ ਕੇ ਪ੍ਰਾਣੀ ਤਰ ਜਾਂਦੇ ਹਨ । ਦੂਜੇ ਉਸ ਵਿੱਚ ਹੀ ਡੁਬਕੀਆਂ ਖਾਂਦੇ ਰਹਿੰਦੇ ਹਨ ।

ਅੰਤ ਇਤਨੇ ਬਿਖੜੇ ਹਾਲਾਤਾਂ ਵਿੱਚੋਂ ਨਿਕਲ ਕੇ, ਅੱਗੇ ਪਿੱਤਰ ਲੋਕ ਆਉਂਦਾ ਹੈ । ਜਿੱਥੇ ਪਹਿਲਾਂ ਗੁਜਰ ਚੁੱਕੇ ਵੱਡੇ-ਵਡੇਰੇ (ਪਿਤਰ) ਆਪਣੇ ਸਬੰਧੀ ਨੂੰ ਲੈਣ ਆਉਂਦੇ ਹਨ । ਜੇਕਰ ਇਹ ੩੬੦ ਦਿਨਾਂ ਤੋਂ ਪਹਿਲਾਂ ਪਹਿਲਾਂ ਅਥਵਾ ਗਿਆਰਵੇਂ ਮਹੀਨੇ, ਵਰ੍ਹੀਣਾ ਨਹੀਂ ਕੀਤਾ ਜਾਂਦਾ ਤਾਂ ਉਡੀਕਣ ਵਾਲੇ ਪਿਤਰ ਨਿਰਾਸ਼ ਹੋ ਕੇ ਪਿਤਰ ਲੋਕ ਦੇ ਦਰਵਾਜ਼ੇ ਬੰਦ ਕਰ ਦੇਂਦੇ ਹਨ ਅਤੇ ਪ੍ਰਾਣੀ ਆਪਣੇ ਪਿਛਲੇ ਸਬੰਧੀਆਂ ਤੇ ਆਪਣਾ ਗੁੱਸਾ ਕੱਢਦਾ ਹੈ । ਭੂਤ-ਪ੍ਰੇਤ ਬਣ ਕੇ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਦੁੱਖ ਦਿੰਦਾ ਹੈ ।

## ਜ਼ਰਾ ਸੋਚੋ !

ਇੱਕ ਅੰਦਾਜ਼ੇ ਮੁਤਾਬਿਕ ਇੱਕ ਮਿੰਟ ਵਿੱਚ, ਦੁਨੀਆਂ ਵਿੱਚ ਲੱਖਾਂ ਲੋਕੀਂ ਮਰਦੇ ਹਨ, ਤਾਂ ਤੇ ਕੋਈ ਸਮਾਂ ਬਚਦਾ ਹੀ ਨਹੀਂ ਜਦੋਂ ਕਿਸੇ ਦੇ ਸਬੰਧੀ ਉਸ ਨੂੰ ਉਡੀਕ ਨਾ ਰਹੇ ਹੋਣ ਅਤੇ ਇਸ ਤਰ੍ਹਾਂ ਅਖੌਤੀ ਪਿੱਤਰ ਲੋਕ ਦਾ ਦਰਵਾਜ਼ਾ ਕਦੇ ਬੰਦ ਹੀ ਨਹੀਂ ਹੋਣਾ ਚਾਹੀਦਾ ।

ਇਹੋ ਜਿਹੇ ਗਪੌੜਾਂ ਦਾ ਗੁਰਬਾਣੀ ਵਿੱਚ ਭਰਵਾਂ ਖੰਡਨ ਹੈ ਅਤੇ ਗੁਰਮਤਿ ਨੇ ਕਿਸੇ ਅਜਿਹੇ ਪਿਤਰ ਲੋਕ ਦੀ ਹੋਂਦ ਨੂੰ ਨਹੀਂ ਮੰਨਿਆ । ਇਸ ਵਾਸਤੇ ਗੁਰੂ ਘਰ ਵਿੱਚ ਇਸ ਯਾਰਵੇਂ ਮਹੀਨੇ ਵਾਲੇ ਵਰ੍ਹੀਣੇ ਨੂੰ ਕੋਈ ਥਾਂ ਨਹੀਂ ।

**ਸ਼ਰਾਧ–** ਕੁਝ ਭੁੱਲੜ ਗੁਰਸਿੱਖ, ਪ੍ਰਾਣੀ ਦੇ ਚਲਾਣੇ ਉਪਰੰਤ, ਸ਼ਰਾਧਾਂ ਦੇ ਵਹਿਮ ਵਿੱਚ ਫਸ ਜਾਂਦੇ ਹਨ ਅਤੇ ਬ੍ਰਾਹਮਣ ਰਾਹੀਂ ਮਿਥੇ ਵਿਸ਼ੇਸ਼ ਸ਼ਰਾਧਾਂ ਦੇ ਦਿਨਾਂ ਵਿੱਚ ਗੁਰਦੁਆਰਿਆਂ ਵਿੱਚ ਉਚੇਚੇ ਤੌਰ ਤੇ ਪ੍ਰਾਣੀ ਦੇ ਨਮਿਤ ਫਰੂਟ, ਮਠਿਆਈਆਂ, ਕੜਾਹ, ਮਿੱਠੇ ਚੌਲ ਆਦਿ ਦੇ ਲੰਗਰ ਲੈ ਕੇ ਪੁਜਦੇ ਹਨ ਜਾਂ ਘੱਟੋ ਘੱਟ ਪ੍ਰਾਣੀ ਦੇ ਨਮਿਤ ਕੜਾਹ ਪ੍ਰਸ਼ਾਦਿ ਦੀਆਂ ਪਰਚੀਆਂ ਜ਼ਰੂਰ ਕਟਵਾਉਂਦੇ ਹਨ । ਇਹ ਸਭ ਗੁਰੂ ਆਸ਼ੇ ਦੇ ਵਿਰੁੱਧ ਅਤੇ ਭੇਡ ਚਾਲ ਤੋਂ ਵੱਧ ਹੋਰ ਕੁਝ ਨਹੀਂ। ਪ੍ਰਬੰਧਕ ਵੀਰਾਂ ਨੂੰ ਇਸ ਪੱਖੋਂ ਵਧੇਰੇ ਸੁਚੇਤ ਹੋਣ ਦੀ ਲੋੜ ਹੈ ਅਤੇ ਇਸ ਦੁਰਮਤਿ ਨੂੰ ਕਰੜਾਈ ਨਾਲ ਰੋਕਣਾ ਜ਼ਰੂਰੀ ਬਣਦਾ ਹੈ ।

ਸਭ ਤੋਂ ਵੱਧ ਤਰਸਯੋਗ ਹਾਲਤ ਤਾਂ ਉਹਨਾਂ ਅਗਿਆਨੀਆਂ ਦੀ ਹੁੰਦੀ ਹੈ ਜੋ ਨੀਲੀਆਂ ਦਸਤਾਰਾਂ ਸਜਾਈ ਖੁਲੇ ਦਾਹੜੇ, ਗੱਲਾਂ ਵਿੱਚ ਕਾਲੇ ਗਾਤਰੇ, ਕਿਰਪਾਨਾਂ ਅਤੇ ਕਹਿੰਦੇ ਹਨ ' ਜੀ ਅਜ ਅਸੀ ਫਲਾਣੇ ਘਰ ਲੰਗਰ (ਸ਼ਰਾਧ) ਛਕਣ ਜਾ ਰਹੇ ਹਨ । ' ਸ਼ਰਮ ਆ ਜਾਂਦੀ ਹੈ, ਇਕ ਤਾਂ ਗੁਰੂ ਦੇ ਇਤਨੇ ਉੱਚੇ ਸੁੱਚੇ ਬਾਣੇ ਦੀ ਬੇਅਦਬੀ ਅਤੇ ਦੂਜੇ ਗੁਰਸਿੱਖੀ ਨਿਯਮਾਂ ਦਾ ਖੁਲ੍ਹਮ

ਖੁਲ੍ਹਾ ਅਪਮਾਨ । ਅਜਿਹੇ ਲੰਗਰ ਛਕਾਉਣ ਵਾਲਿਆਂ ਨੂੰ ਵੀ ਇਹ ਲੰਗਰ ਸਾਰਾ ਸਾਲ ਤਾਂ ਚੇਤੇ ਨਹੀਂ ਆਉਂਦਾ, ਅਖੌਤੀ ਸ਼ਰਾਧਾਂ ਦੇ ਦਿਨਾਂ ਵਿੱਚ ਹੀ ਕਿਉਂ ? ਫਿਰ ਜੇ ਕੋਈ ਸੂਝਵਾਨ ਅੱਗੋਂ ਉਤਰ ਦੇ ਦੇਵੇ, ' ਅੱਛਾ ਜੀ, ਲੰਗਰ ਤਾਂ ਅਸੀਂ ਜਰੂਰ ਛਕ ਲਵਾਂਗੇ ਪਰ ਸਵੇਰੇ ਨਹੀਂ ਸ਼ਾਮ ਦੇ ਵਕਤ ਤਾਂ ਪਤਾ ਲੱਗ ਜਾਂਦਾ ਹੈ ਕਿ ਲੰਗਰ ਹੈ ਜਾਂ ਸ਼ਰਾਧ ਕਿਉਂਕਿ ਸ਼ਰਾਧ ਕਰਨਾ **ਸਵੇਰ ਵੇਲੇ ਸੁੱਚੇ ਮੂੰਹ ਹੀ ਜ਼ਰੂਰੀ ਹੈ, ਸ਼ਰਾਧਾਂ ਦੇ ਨਿਯਮਾਂ ਅਨੁਸਾਰ ।**

**ਸ਼ਰਾਧਾਂ ਬਾਰੇ ਕੁਝ ਹੋਰ–** ਫਰਜ਼ੀ ਪਿਤਰ-ਲੋਕਾਂ ਦੇ ਭੁਲੇਖੇ ਨੂੰ ਕੱਢਣ ਵਾਸਤੇ ਹੀ ਗੁਰੂ ਨਾਨਕ ਪਾਤਸ਼ਾਹ ਉਚੇਚੇ ਤੌਰ ਤੇ ਹਰਿਦੁਆਰ ਗਏ ਅਤੇ ਪੱਛਮ ਵੱਲ ਪਾਣੀ ਉਛਾਲ ਕੇ ਉਸ ਅਗਿਆਨਤਾ ਨੂੰ ਝੰਜੋੜਿਆ । ਇਸੇ ਹੀ ਅਗਿਆਨਤਾ ਦਾ ਬੀਜ ਨਾਸ਼ ਕਰਨ ਹਿਤ ਗੁਰੂ ਨਾਨਕ ਸਾਹਿਬ ਗਯਾ ਦੇ ਸਥਾਨ ਉਪਰ ਗਏ ਅਤੇ ' ਦੀਵਾ ਮੇਰਾ ਏਕ ਨਾਮੁ ' (ਪੰਨਾ ੩੫੮) ਵਾਲਾ ਸ਼ਬਦ ਉਚਾਰਨ ਕਰਕੇ ਸਮਝਾਇਆ ਕਿ ਭਾਈ ! ਇਹ ਦੀਵਾ ਵਟੀ, ਪਿੰਡ ਪਤਲ ਮਨਸਾਉਣੇ, ਕਿਰਿਆ, ਫੁਲ ਚੁਣ ਕੇ ਹਰਦੁਆਰ ਪਹੁੰਚਾਣੇ, ਸ਼ਰਾਧ ਕਰਨੇ ਜਾਂ ਮਰਨ ਸਮੇਂ ਉਚੇਚੇ ਬਨਾਰਸ ਆਦਿ ਚਲੇ ਜਾਣਾ ਕੇਵਲ ਢੌਂਗ ਹਨ । ਕਰਤੇ ਦਾ ਸਿਮਰਨ ਹੀ ਜੀਵਨ ਨੂੰ ਸਫਲ ਕਰਨ ਦਾ ਅਤੇ ਮਨੁੱਖ ਨੂੰ ਇਹਨਾਂ ਪ੍ਰਚਲਤ ਅਗਿਆਨਤਾਵਾਂ ਵਿਚੋਂ ਕੱਢਣ ਦਾ ਇੱਕੋ ਇੱਕ ਵਸੀਲਾ ਹੈ । ਪੰਜਵੇਂ ਪਾਤਸ਼ਾਹ ਨੇ ' ਸੁਖਮਨੀ ' ਦੀ ਦੂਜੀ ਅਸ਼ਟਪਦੀ ਦੇ ਬੰਦ ਨੰਬਰ ਇਕ **'ਜਹ ਮਾਤ ਪਿਤਾ ਸੁਤ ਮੀਤ ਨ ਭਾਈ '** ਅਤੇ ਬੰਦ ਨੰਬਰ ਚਾਰ **' ਜਿਹ ਮਾਰਗ ਕੇ ਗਨੇ ਜਾਹਿ ਨਾ ਕੋਸਾ '** ਰਾਹੀਂ ਵੀ ਗਰੁੜ ਪੁਰਾਨ ਰਾਹੀਂ ਪਾਏ ਗਏ ਅਨੇਕਾਂ ਵਹਿਮਾਂ-ਭਰਮਾਂ ਅਤੇ ਭੁਲੇਖਿਆਂ ਵਿਚੋਂ ਆਜ਼ਾਦ ਹੋ ਕੇ ਕਰਤੇ ਦੀਆਂ ਸਿਫਤਾਂ ਅਥਵਾ ਨਾਮ ਨਾਲ ਜੀਉਂਦੇ ਜੀਅ ਜੁੜਣ ਦੀ ਪ੍ਰੇਰਨਾ ਕੀਤੀ ਹੈ ।

**" ਜੀਵਤ ਪਿਤਰ ਨਾ ਮਾਨੈ ਕੋਊ ਮੂਏ ਸਰਾਧ ਕਰਾਹੀਂ "** ਵਾਲੇ ਸ਼ਬਦ ਰਾਹੀਂ ਕਬੀਰ ਸਾਹਿਬ ਨੇ ਅਗਿਆਨਤਾ ਵਿੱਚ ਫਸੇ ਲੋਕਾਂ ਨੂੰ ਇਥੋਂ ਤੀਕ ਸੁਆਲ ਕੀਤਾ ਹੈ ਕਿ ਹੇ ਭੁੱਲੇ ਹੋਏ ਲੋਕੋ ! ਤੁਸੀਂ ਆਖਦੇ ਹੋ ਕਿ ਸ਼ਰਾਧ ਕਰਾਉਣ ਨਾਲ ਘਰ ਵਿੱਚ ਕੁਸ਼ਲਤਾ ਰਹਿੰਦੀ ਹੈ । ਜਿਹੜੇ ਲੋਕ ਇਹਨਾਂ ਸ਼ਰਾਧਾਂ ਦੇ ਭਰਮ ਜਾਲ ਵਿੱਚ ਫਸੇ ਹੋਏ ਹਨ ਸੋਚਣ ਕਿ ਸ਼ਰਾਧ ਕਰਾਉਣ ਤੋਂ ਬਾਅਦ ਕੀ ਉਹਨਾਂ ਦੇ ਘਰਾਂ ਵਿੱਚ ਅੱਗੋਂ ਲੋਕ ਮਰਨੇ ਬੰਦ ਹੋ ਜਾਂਦੇ ਹਨ ਜਾਂ ਬਾਕੀ ਦੁਖ ਹਾਦਸੇ ਟਲ ਜਾਂਦੇ ਹਨ ? ਜੇ ਨਹੀਂ ਤਾਂ ਫਿਰ ਕਿਸ ਕੁਸ਼ਲਤਾ ਵਿੱਚ ਤੁਸੀਂ ਇਹਨਾਂ ਸ਼ਰਾਧਾਂ ਦੇ ਵਹਿਮਾਂ ਵਿੱਚ ਫਸੇ ਹੋਏ ਹੋ ?

**(੧੪) ਕੋਈ ਕਰਮ ਅਚਾਰਜੀ ਤੋਂ ਪੁੱਛ ਕੇ ਜਾਂ ਉਸ ਦੇ ਦੱਸੇ ਤੇ ਨਹੀਂ ਕਰਨਾ । ਕੇਵਲ ਸਿੱਖ ਰੀਤੀ, ਗੁਰਬਾਣੀ ਅਥਵਾ ਸਿੱਖ ਰਹਿਤ ਮਰਿਆਦਾ ਅਨੁਸਾਰ ਹੀ ਸਭ ਕੁਝ ਕਰਨਾ ਹੈ ।**

**ਸੁੱਖਣਾ–** ਜਦੋਂ ਕੋਈ ਸਨੇਹੀ ਅੰਤਮ ਪਲਾਂ ਤੇ ਹੋਏ ਤਾਂ ਰਿਸ਼ਤੇਦਾਰ ਚਲੀਹੇ, ਅਖੰਡ ਪਾਠ ਤੇ ਪਤਾ ਨਹੀਂ, ਕਿਹੜੀ ਕਿਹੜੀ ਸੁੱਖਣਾ ਸੁੱਖਦੇ ਹਨ । ਜੇਕਰ ਪ੍ਰਾਣੀ ਬਚ ਜਾਵੇ ਤਾਂ ਸਮਝਦੇ ਹਨ ਕਿ ਉਹਨਾਂ ਦੀ ਅਮਕੀ ਸੁੱਖਣਾ ਕਾਰਨ ਪ੍ਰਾਣੀ ਬਚ ਗਿਆ ਹੈ ਅਤੇ ਜੇਕਰ ਚਲਾਣਾ ਕਰ ਗਿਆ ਤਾਂ ਵਾਹਿਗੁਰੂ ਨੂੰ ਉਲਾਹਮਾਂ ਦੇਂਦੇ ਹਨ । ਕਈ ਅਗਿਆਨੀ ਤਾਂ ਇਥੋਂ ਤੀਕ ਕਹਿੰਦੇ

ਸੁਣੇ ਜਾਂਦੇ ਹਨ ਕਿ ਹੁਣ ਉਹ ਕਦੀ ਰੱਬ ਨੂੰ ਨਹੀਂ ਮੰਨਣਗੇ ਜਾਂ ਕਦੀ ਗੁਰਦੁਆਰੇ ਨਹੀਂ ਜਾਣਗੇ, ਜੇ ਰੱਬ ਹੁੰਦਾ ਤਾਂ ਉਹਨਾਂ ਦੀ ਅਮਕੀ ਸੁਖਣਾ ਖਾਲੀ ਨਾ ਜਾਂਦੀ ।

ਦਰਅਸਲ ਇਹ ਸੁਖਣਾ ਆਦਿ ਉਹਨਾਂ ਦੀ ਆਪਣੀ ਹੀ ਭੁੱਲ ਹੈ । ਸੁੱਖਣਾ ਇੱਕ ਪ੍ਰਕਾਰ ਦੀ ਰੱਬ ਨਾਲ ਸ਼ਰਤ ਅਥਵਾ ਰੱਬ ਨਾਲ ਬਰਾਬਰੀ ਕਰਨ ਦੇ ਤੁਲ ਹੈ ਅਤੇ ਪੁਰਾਣਾ ਬ੍ਰਾਹਮਨੀ ਵਿਸ਼ਵਾਸ ਹੈ । ਗੁਰੂ ਘਰ ਵਿੱਚ ਤਾਂ ਫੈਸਲਾ ਹੈ " **ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਿਰ ਪਾਇ ।।** ਅਤੇ " **ਸਾਹਿਬ ਸੇਤੀ ਹੁਕਮੁ ਨ ਚਲੈ ਕਹੀ ਬਣੈ ਅਰਦਾਸ।"** (ਵਾਰ ਆਸਾ) ਗੁਰਬਾਣੀ ਰਾਹੀਂ ਇਹ ਗੱਲ ਵੀ ਪੂਰੀ ਤਰ੍ਹਾਂ ਦ੍ਰਿੜ ਕਰਾ ਦਿੱਤੀ ਗਈ ਹੈ ਕਿ ' **ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ** ' (ਸੋਹਿਲਾ) ' **ਸਭਨੀ ਛਾਲਾਂ ਮਾਰੀਆਂ ਕਰਤਾ ਕਰੇ ਸੁ ਹੋਇ** ' (ਵਾਰ ਆਸਾ)

ਇਹਨਾਂ ਸੁਖਣਾਂ ਆਦਿ ਦੇ ਵਿਸ਼ਵਾਸ਼ ਨੂੰ ਤਾਂ ਗੁਰੂ ਪਾਤਸ਼ਾਹ ਨੇ ਵਾਧੂ ਦੀਆਂ ਛਾਲਾਂ ਮਾਰਣੀਆਂ ਹੀ ਦੱਸਿਆ ਹੈ ਅਤੇ ਨੀਯਤ ਸਮੇਂ ਦੀ ਗੱਲ ਨੂੰ ਅੱਗੇ ਪਿੱਛੇ ਨਾ ਹੋ ਸਕਣ ਦੀ ਗੱਲ ਸਮਝਾਈ ਹੈ, ਬਲਕਿ ਇਥੋਂ ਤੀਕ ਲਿਖਿਆ ਹੈ ।

**ਜਿਨਕੀ ਚੀਰੀ ਦਰਗਹ ਪਾਟੀ, ਤਿਨਾ ਮਰਣਾ ਭਾਈ ।।**

(ਪੰਨਾ ੪੧੮,

ਅਥਵਾ

**ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ** (ਸਦੁ ਪੰਨਾ ੯੨੩)

ਫਿਰ ਚਲੀਹੇ ਆਦਿ ਨੂੰ ਤਾਂ ਗੁਰੂ ਪਾਤਸ਼ਾਹ ਨੇ ਕੇਵਲ ਹੱਠ ਕਰਮ ਅਤੇ ਪਖੰਡ ਹੀ ਦੱਸਿਆ ਹੈ । ਜਿਨ੍ਹਾਂ ਕੰਮਾਂ ਨੂੰ ਗੁਰੂ ਪਾਤਸ਼ਾਹ ਪਖੰਡ ਅਤੇ ਹੱਠ ਕਰਮ ਦਸ ਰਹੇ ਹਨ ਉਹਨਾਂ ਕੰਮਾਂ ਦੇ ਕਰਨ ਵਾਲੇ, ਗੁਰਦੇਵ ਨੂੰ ਭਲਾ ਕਿਵੇਂ ਚੰਗੇ ਲੱਗ ਸਕਦੇ ਹਨ ? ਅਸੀਂ ਤਾਂ ਗੁਰੂ ਨਾਨਕ ਦੇ ਪਿਆਰੇ ਸਿੱਖ ਬਣਨਾ ਹੈ, ਇਸ ਲਈ ਗੁਰੂ ਹੁਕਮਾਂ ਅਨੁਸਾਰ ਜੀਵਨ ਜੀਊਣਾ ਹੈ ।

**ਸੁਪਨੇ–** ਜਦੋਂ ਗੁਜਰੇ ਪ੍ਰਾਣੀ ਨਾਲ ਅਤਿ ਦਾ ਮੋਹ ਹੁੰਦਾ ਹੈ ਅਤੇ ਮਨ ਦੀ ਗੁਰਬਾਣੀ ਰਾਹੀ ਤਿਆਰੀ ਵੀ ਨਹੀ ਹੋਈ ਹੁੰਦੀ ਤਾਂ ਜਾਗਦੇ ਸੁੱਤੇ ਉਸ ਗੁਜਰੇ ਪ੍ਰਾਣੀ ਦੇ ਸੁਪਨੇ ਬਾਰ ਬਾਰ ਆਉਂਦੇ ਹਨ । ਪ੍ਰਾਣੀ ਦਾ ਸਰੂਪ ਅੱਖਾਂ ਸਾਹਮਣੇ ਬਾਰ ਬਾਰ ਇਵੇਂ ਆਉਂਦਾ ਹੈ । ਜਿਵੇਂ ਸਚਮੁੱਚ ਪ੍ਰਾਣੀ ਇਕ ਜਾਂ ਦੂਜੀ ਸ਼ਕਲ ਵਿੱਚ ਸਾਡੇ ਆਸ ਪਾਸ ਹੀ ਹੋਵੇ । ਕਈ ਵਾਰੀ ਤਾਂ ਗੁਜਰੇ ਪ੍ਰਾਣੀ ਦੀਆਂ ਸਪਸ਼ਟ ਆਵਾਜ਼ਾਂ ਵੀ ਕੰਨਾਂ ਵਿੱਚ ਪੈਂਦੀਆਂ ਮਹਿਸੂਸ ਹੁੰਦੀਆਂ ਹਨ । ਜੋ ਕੇਵਲ ਆਪਣੇ ਹੀ ਮਨੋਵੇਗ ਹੁੰਦੇ ਹਨ । ਸਚਾਈ ਤਾਂ ਇਹ ਹੈ ਜਿਸ ਸਰੀਰ ਦਾ ਸਸਕਾਰ ਅਸੀ ਆਪਣੇ ਹੱਥੀਂ ਕਰ ਚੁੱਕੇ ਹੁੰਦੇ ਹਾਂ ਅਤੇ ਜਿਹੜਾ ਸਰੀਰ ਸਾਡੇ ਦੇਖਦਿਆਂ ਸੁਆਹ ਦੀ ਢੇਰੀ ਹੋ ਗਿਆ ਉਹ ਭਲਾ ਮੁੜ ਕਿਵੇਂ ਸਾਡੇ ਸਾਹਮਣੇ ਆ ਗਿਆ ? ਇਸ ਤੱਥ ਨੂੰ ਵਿਚਾਰੇ ਬਿਨਾਂ ਅਸੀ ਉਹਨਾਂ ਸੁਪਨਿਆਂ ਦੇ ਵੇਗ ਵਿੱਚ ਵਹਿ ਜਾਂਦੇ ਹਾਂ ਅਤੇ ਫਿਰ ਇਹਨਾਂ ਦੇ ਉਪਾਅ ਦੇ ਪੱਜ ਕੁਝ ਢੋਂਗੀਆਂ ਦੇ ਢਹੇ ਚੜ੍ਹ ਜਾਂਦੇ ਹਾਂ । ਘਰ ਦੀ ਹਾਲਤ ਪਹਿਲਾਂ ਹੀ ਮੌਤ ਕਾਰਣ ਵਿਗੜੀ ਹੁੰਦੀ ਹੈ ਅਤੇ ਮਾਨਸਿਕ ਗੁਲਾਮੀ ਕਾਰਣ ਹੋਰ ਪਰੇਸ਼ਾਨੀਆਂ ਸਹੇੜ ਲੈਂਦੇ ਹਾਂ । ਜਿਨ੍ਹਾਂ ਮਨਾਂ ਉਪਰ ਗੁਰਬਾਣੀ ਦੀ ਰੰਗਣ ਚੜ੍ਹ ਚੁੱਕੀ ਹੋਵੇ ਅਵਲ ਤਾਂ ਉਹਨਾਂ ਨੂੰ ਅਜਿਹੇ ਸੁਪਨੇ ਆਉਂਦੇ ਹੀ ਨਹੀਂ ਅਤੇ ਜੇ ਕਿਧਰੇ ਥੋੜਾ ਬਹੁਤ ਅਜਿਹਾ ਮੋਹ ਵਸ ਹੋਵੇ ਵੀ ਤਾਂ ਓਪਰਾ-ਓਪਰਾ ਹੀ ਹੁੰਦਾ ਹੈ, ਪਰ ਜਿਨ੍ਹਾਂ

ਕਮਜ਼ੋਰ ਮਨਾਂ ਨੂੰ ਅਜਿਹੇ ਸੁਪਨੇ ਆਉਂਦੇ ਹਨ ਉਹ ਵੀ ਸਮੇਂ ਦੇ ਪ੍ਰਭਾਵ ਨਾਲ ਆਪਣੇ ਆਪ ਖਤਮ ਹੋ ਜਾਂਦੇ ਹਨ । ਸੁਪਨਿਆਂ ਤੋਂ ਘਬਰਾ ਕਰਕੇ ਕਿਸੇ ਉਪਾਅ ਆਦਿ ਦੀ ਲੋੜ ਨਹੀਂ ।

**ਵੱਡਿਆਂ ਦੀ ਇੱਛਾ–** ਕਈ ਵਾਰੀ ਕੁਝ ਸੱਜਣ ਇਸ ਪੱਜ ਕੁਝ ਕਰਮ ਕਾਡਾਂ ਵਿੱਚ ਉਲਝੇ ਹੁੰਦੇ ਹਨ ਕਿ ਇਹ ਉਹਨਾਂ ਦੇ ਉਸ ਗੁਜਰੇ ਪ੍ਰਾਣੀ ਦੀ ਇੱਛਾ ਸੀ ਅਤੇ ਉਹਨਾਂ ਨੇ ਉਸਦੀ ਆਤਮਿਕ ਸ਼ਾਂਤੀ ਵਾਸਤੇ ਜ਼ਰੂਰ ਪੂਰੀ ਕਰਨੀ ਹੈ, ਇਹ ਇੱਕ ਹੋਰ ਵੱਡੀ ਅਗਿਆਨਤਾ ਹੈ ।

**– ਤੂੰ ਮੇਰਾ ਪਿਤਾ, ਤੂੰ ਹੈ ਮੇਰਾ ਮਾਤਾ ।।**
**ਤੂੰ ਮੇਰਾ ਬੰਧਪੁ, ਤੂੰ ਮੇਰਾ ਭਰਾਤਾ ।।** (ਪੰਨਾ ੧੦੩)
**– ਗੁਰਦੇਵ ਮਾਤਾ, ਗੁਰਦੇਵ ਪਿਤਾ,**
**ਗੁਰਦੇਵ ਸੁਆਮੀ ਪਰਮੇਸੁਰਾ ।।** (ਬਾਵਨ ਅਖਰੀ)

ਦੇ ਮਹਾਂਵਾਕਾਂ ਅਨੁਸਾਰ ਗੱਲ ਅਸਾਂ ਕੇਵਲ ਗੁਰੂ ਦੀ ਹੀ ਮੰਨਣੀ ਹੈ । ਜਦੋਂ ਕੋਈ ਮਤਿ ਅਥਵਾ ਸਿਖਿਆ ਲੈਣ ਦੀ ਗੱਲ ਹੈ ਤਾਂ ਗੁਰੂ ਪਾਤਸ਼ਾਹ ਹੀ ਸਾਡੇ ਮਾਤਾ, ਪਿਤਾ, ਭੈਣ, ਭਰਾ ਅਥਵਾ ਸਭ ਕੁਝ ਹਨ । ਕਿਸੇ ਬਾਹਰੀ ਪ੍ਰਭਾਵ ਕਾਰਣ, ਵਾਧੂ ਦੇ ਫੋਕਟ ਵਿਸ਼ਵਾਸ਼ਾਂ ਜਾਂ ਵਹਿਮਾਂ ਭਰਮਾਂ ਕਾਰਨ ਜੋ ਸਾਡੇ ਸਤਿਕਾਰ ਯੋਗ ਸਬੰਧੀ, ਚਲਾਣੇ ਤੋਂ ਪਹਿਲਾਂ ਕੋਈ ਗਲਤ ਹਦਾਇਤ ਵੀ ਕਰ ਜਾਂਦੇ ਹਨ ਜਿਹੜੀ ਕਿ ਗੁਰੂ ਆਸ਼ੇ-ਗੁਰਸਿਖੀ ਜਾਂ ਗੁਰਬਾਣੀ ਨੀਯਮਾਂ ਦੇ ਵਿਰੁੱਧ ਹੈ ਤਾਂ ਉਹਨਾਂ ਦਾ ਅਸਲ ਸਤਿਕਾਰ ਉਸ ਗੱਲ ਨੂੰ ਨਾ ਮੰਨਣ ਵਿੱਚ ਹੀ ਹੈ । ਆਖਿਰ ਸਾਨੂੰ ਉਸ ਗੁਰੂ ਦੇ ਸਿੱਖ ਹੋਣ ਦਾ ਮਾਣ ਹੈ, ਜਿਸਨੇ ਆਪਣੇ ਪਿਤਾ-ਪੁਰਖੀ ਜੰਞੂ ਪਾਉਣ ਦੇ ਕੰਮ ਨੂੰ ਕਰਨ ਤੋਂ ਭਰੀ ਸਭਾ ਵਿੱਚ ਸਾਫ ਇਨਕਾਰ ਕਰ ਦਿੱਤਾ । ਜਦੋਂ ਤਲਵੰਡੀ ਪਰਤਣ ਤੇ ਕੁਝ ਅਗਿਆਨੀ ਲੋਕਾਂ ਨੇ ਪਾਤਸ਼ਾਹ ਨੂੰ ਮਾਤਾ ਪਿਤਾ ਦਾ ਸ਼ਰਾਧ ਕਰਾਉਣ ਦੀ ਸਲਾਹ ਦਿੱਤੀ ਤਾਂ ਪਾਤਸ਼ਾਹ ਨੇ **ਆਇਆ ਗਇਆ ਮੁਇਆ ਨਾਉ ।। ਪਿਛੈ ਪਤਲਿ ਸਦਿਹੁ ਕਾਵ ।। ਨਾਨਕ ਮਨਮੁਖ ਅੰਧਿ ਪਿਆਰੁ ।। ਬਾਝੁ ਗੁਰੂ ਡੁਬਾ ਸੰਸਾਰੁ ।।** (ਮਾਝ ਕੀ ਵਾਰ) ਵਾਲਾ ਫੁਰਮਾਨ ਕੀਤਾ ।

ਆਖਿਰ ਅਸੀਂ ਉਸ ਗੁਰੂ ਅੰਗਦ ਦੇਵ ਜੀ ਦੇ ਸਿੱਖ ਹਾਂ ਜਿਨ੍ਹਾਂ ਨੇ ਗੁਰੂ ਦਰ ਤੇ ਆਉਣ ਤੋਂ ਬਾਅਦ ਹਰ ਸਾਲ ਦੇਵੀ ਯਾਤਰਾ ਜਾਣ ਵਾਲਾ ਪਿਤਾ ਪੁਰਖੀ ਵਾਧੂ ਕੰਮ ਹਮੇਸ਼ਾਂ ਵਾਸਤੇ ਤਿਆਗ ਦਿੱਤਾ । ਫਿਰ ਅਸੀਂ ਉਸ ਗੁਰੂ ਅਮਰਦਾਸ ਪਾਤਸ਼ਾਹ ਦੇ ਸਿੱਖ ਹਾਂ ਜਿਨ੍ਹਾਂ ਗੁਰੂ ਨਾਨਕ ਦਰ ਤੇ ਆਉਣ ਤੋਂ ਬਾਅਦ ਹਰ ਸਾਲ ਗੰਗਾ ਇਸ਼ਨਾਨ ਅਤੇ ਮਿਰਤਕਾਂ ਦੀਆਂ ਹੱਡੀਆਂ ਹਰਦੁਆਰ ਪਹੁੰਚਾਣ ਦੇ ਕੰਮ ਕੇਵਲ ਛੱਡ ਹੀ ਨਹੀਂ ਦਿੱਤੇ ਬਲਕਿ ਗੁਰੂ ਪਦ ਨੂੰ ਪ੍ਰਾਪਤ ਹੋਣ ਤੋਂ ਬਾਅਦ ਗੁਰੂ ਗਰੰਥ ਸਾਹਿਬ ਜੀ ਦੇ ੯੨੩-੨੪ ਪੰਨੇ ਤੇ ਦਰਜ 'ਸਦੁ' ਬਾਣੀ ਰਾਹੀਂ ਹਥਲੇ ਵਿਸ਼ੇ ਉਪਰ ਸਾਨੂੰ ਉਚੇਚੀਆਂ ਹਦਾਇਤਾਂ ਕੀਤੀਆਂ ਅਤੇ ਗੁਰਬਾਣੀ ਦੇ ਗੁਰੂ ਹੋਣ ਦੀ ਗੱਲ ਨੂੰ ਦ੍ਰਿੜ ਕਰਵਾਇਆ ।

ਦੁੱਖ ਤਾਂ ਇਸ ਗੱਲ ਦਾ ਹੈ, ਜਦੋਂ ਕੋਈ ਪ੍ਰਾਣੀ ਚਲਾਣਾ ਕਰ ਜਾਵੇ ਅਸੀਂ ਉਸੇ ਹੀ ਸਦੁ ਬਾਣੀ ਨੂੰ ਤਿੰਨ-ਤਿੰਨ ਜਾਂ ਚਾਰ-ਚਾਰ ਵਾਰੀ ਵੀ ਪੜ੍ਹਦੇ ਹਾਂ ਪਰ ਅਰਥ ਭਾਵਾਂ ਨੂੰ ਸਮਝੇ ਬਿਨਾਂ ਹਰ ਇਕ ਕੰਮ ਗੁਰੂ ਹੁਕਮਾਂ ਦੇ ਵਿਰੁੱਧ ਕਰ ਰਹੇ ਹੁੰਦੇ ਹਾਂ । ਕੇਵਲ ਸਿੱਖੀ ਸਰੂਪ ਨੂੰ

ਧਾਰਨ ਕਰਕੇ ਹੀ ਅਸੀ ਗੁਰੂ ਦੀਆਂ ਨਜ਼ਰਾਂ ਵਿੱਚ ਪਰਵਾਨ ਹੋਣਾ ਚਾਹੁੰਦੇ ਹਾਂ ਜੋ ਤਿੰਨ ਕਾਲ ਵੀ ਸੰਭਵ ਨਹੀਂ ।

ਪਾਤਸ਼ਾਹ ਦਾ ਹੁਕਮ ਹੈ-

**ਸੋ ਸਿਖ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ।।**
**ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ।।** (ਪੰ. ੬੦)

**ਵਿਧਵਾ ਆਡੰਬਰ– ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ ।।** (ਪੰ. ੭੭੪) ਦੇ ਮਹਾਂਵਾਕ ਅਨੁਸਾਰ, ਇਹ ਸਰੀਰ ਸਭ ਨੇ ਛੱਡਣਾ ਹੈ । ਕਿਸੇ ਨੇ ਪਹਿਲਾਂ ਅਤੇ ਕਿਸ ਨੇ ਬਾਅਦ ਵਿੱਚ ? ਇਹ ਕੇਵਲ ਕਰਤਾ ਹੀ ਜਾਣਦਾ ਹੈ । ਕਰਤੇ ਦੇ ਹੁਕਮ ਅਨੁਸਾਰ ਜਦੋਂ ਕਿਧਰੇ ਪਤੀ ਕਾਲਵੱਸ ਹੋ ਜਾਵੇ ਤਾਂ ਪਤਨੀ ਨੂੰ ਅਨੇਕਾਂ ਪ੍ਰਕਾਰ ਦੇ ਵਿਧਵਾ ਆਡੰਬਰ ਕਰਨ ਵਾਸਤੇ ਮਜ਼ਬੂਰ ਕੀਤਾ ਜਾਂਦਾ ਹੈ । ਉਸ ਵਿਚਾਰੀ ਨੂੰ ਕਲਮੂਹੀ, ਕੁਲਛਣੀ, ਖਸਮਾਖਾਣੀ, ਡਾਇਨ ਸਪਨੀ ਅਤੇ ਪਤਾ ਨਹੀ ਕਿਹੜੇ ੨ ਸਰਟੀਫਿਕੇਟ ਦਿੱਤੇ ਜਾਂਦੇ ਹਨ । ਉਚੇਚੇ ਤੌਰ ਤੇ ਚਿਟੇ ਕਪੜੇ ਪਾਉਣ ਵਾਸਤੇ ਮਜਬੂਰ ਕੀਤਾ ਜਾਂਦਾ ਹੈ ਅਤੇ ਰੰਗਦਾਰ ਕੱਪੜਿਆਂ ਬਾਰੇ ਉਸ ਉਪਰ ਖਾਸ ਪਾਬੰਦੀਆਂ ਲੱਗ ਜਾਂਦੀਆਂ ਹਨ ਕਿਉਂਕਿ ਉਸ ਵਿਚਾਰਧਾਰਾ ਅਨੁਸਾਰ, ਚਿੱਟੇ ਕਪੜੇ ਅਫਸੋਸ ਸੂਚਕ ਹਨ । ਦੂਜੇ ਪਾਸੇ ਪਤੀ ਦੇਵ ਨੂੰ ਹੱਕ ਹੈ ਭਾਵੇਂ ਇਸਤਰੀ ਦੀ ਚਿਤਾ ਠੰਡੀ ਹੋਣ ਤੋਂ ਪਹਿਲਾਂ ਹੀ ਕੋਈ ਨਵਾਂ ਰਿਸ਼ਤਾ ਗੰਢ ਲਵੇ । ਜਦੋਂ ਤੀਕ ਧਰਮ ਦੇ ਠੇਕੇਦਾਰਾਂ ਦਾ ਵਸ ਚਲਿਆ, ਕਲ ਦੀਆਂ ਵਿਆਹੀਆਂ ਨੂੰ ਸਤੀ ਦੇ ਕੁਕਰਮ ਹੇਠ, ਚੁੱਕ ਚੁੱਕ ਕੇ ਚਿਤਾਵਾਂ ਵਿੱਚ ਸੁੱਟਿਆ ਜਾਂਦਾ ਰਿਹਾ । ਤੀਜੇ ਪਾਤਸ਼ਾਹ ਨੇ ਇਸ ਬੁਰਾਈ ਨੂੰ ਅਕਬਰ ਬਾਦਸ਼ਾਹ ਨੂੰ ਕਹਿ ਕਰਕੇ, ਉਚੇਚੇ ਤੌਰ ਤੇ ਕਾਨੂੰਨ ਰਾਹੀਂ ਬੰਦ ਕਰਵਾਇਆ ।

ਗੁਰੂ ਘਰ ਵਿੱਚ ਇਸਤਰੀ-ਪੁਰਖ ਨੂੰ ਇਕ ਦੂਜੇ ਦਾ ਪੂਰਕ ਦੱਸਿਆ ਗਿਆ ਹੈ ਅਤੇ ਕਿਸੇ ਇਕ ਦੀ ਲੋੜ ਦੂਜੇ ਤੋਂ ਘੱਟ ਨਹੀਂ । ਸਚਾਈ ਤਾਂ ਇਹ ਹੈ ਕਿ ਇਕ ਤੋਂ ਬਾਅਦ ਦੂਜੇ ਦੀ ਜੀਵਨ ਗੱਡੀ ਸਚਮੁੱਚ ਹੀ ਬੜੀ ਔਖੀ ਹੋ ਜਾਂਦੀ ਹੈ । ਇਸ ਤੋਂ ਵੱਧ ਮੌਜੂਦਾ ਸਮਾਜਿਕ, ਬਣਤਰ ਅਨੁਸਾਰ ਜੇ ਪਤੀ ਕਾਲਵਸ ਹੋ ਜਾਵੇ ਤਾਂ ਜਿਤਨਾ ਘਾਟਾ ਅਤੇ ਚੋਟ ਇਸਤਰੀ ਨੂੰ ਹੁੰਦੀ ਹੈ ਉਤਨੀ ਸ਼ਾਇਦ ਉਸਦੇ ਮਾਂ-ਬਾਪ, ਭੈਣ-ਭਰਾਵਾਂ ਨੂੰ ਵੀ ਨਹੀਂ ਹੁੰਦੀ । ਉਸਦੇ ਦੁੱਖ ਅਤੇ ਚੋਟ ਵਿੱਚ ਉਸਨੂੰ ਕੁਝ ਸਾਥ ਦੇਣ ਦੀ ਬਜਾਏ ਉਸਦੇ ਜੀਵਨ ਨੂੰ ਹੋਰ ਵੀ ਦੁਰਲਭ ਕਰ ਦੇਣਾ ਅਤੇ ਸਮਾਜ ਪਰਿਵਾਰ ਵਿੱਚ ਉਸ ਨੂੰ ਵੱਧ ਤੋਂ ਵੱਧ ਜ਼ਲੀਲ ਕਰਨਾ ਸਮਾਜ ਦੇ ਮੱਥੇ ਉਪਰ ਕਿਸੇ ਵੱਡੇ ਕਲੰਕ ਤੋਂ ਘੱਟ ਨਹੀਂ । ਗੁਰੂ ਘਰ ਵਿੱਚ ਅਜਿਹੇ ਕਿਸੇ ਵੀ ਵਿਧਵਾ ਅਡੰਬਰ ਨੂੰ ਕੋਈ ਥਾਂ ਨਹੀਂ ਬਲਕਿ ਲੋੜ ਅਨੁਸਾਰ ਇਸਤਰੀ ਦੇ ਪੁਨਰ ਵਿਆਹ ਦਾ ਵਿਧਾਨ ਵੀ ਹੈ ।

**ਅੰਤਮ ਚੇਤਾਵਨੀ–** ਅਜਿਹੇ ਮੌਕਿਆਂ ਉਪਰ ਕੁਝ ਸੱਜਣ ਜਿਨ੍ਹਾਂ ਬਾਣਾ ਤਾਂ ਸਿੱਖੀ ਦਾ ਹੀ ਪਾਇਆ ਹੁੰਦਾ ਹੈ ਅਤੇ ਕੁਝ ਹਾਲਤਾਂ ਵਿੱਚ ਅੰਮ੍ਰਿਤਧਾਰੀ ਅਤੇ ਪੜ੍ਹੇ ਲਿਖੇ ਵੀ ਦਿਖਾਈ ਦਿੰਦੇ ਹਨ ਪਰ ਹਰ ਇਕ ਕਰਮ ਗੁਰੂ ਆਸ਼ੇ ਦੇ ਵਿਰੁਧ ਕਰਨ ਤੇ ਕਰਵਾਉਣ ਵਿੱਚ ਆਪਣੀ ਵਡਿਆਈ ਸਮਝਦੇ ਹਨ । ਹਰ ਇਕ ਮਨਮਤ ਅਤੇ ਦੁਰਮਤ ਵਾਸਤੇ ਦੂਜਿਆਂ ਨੂੰ ਉਤੇਜਿਤ ਕਰਦੇ ਹਨ ਬਲਕਿ ਇਥੋਂ ਤੀਕ ਕਹਿੰਦੇ ਸੁਣੇ ਜਾਂਦੇ ਹਨ ' ਛੱਡੋ ਜੀ ! ਗੁਰੂ ਦੀਆਂ ਗੱਲਾਂ ਤੇ ਕੌਣ ਚੱਲਦਾ ਹੈ, ਬਾਣੀ ਤਾਂ ਕੇਵਲ ਪੜ੍ਹਣ ਵਾਸਤੇ ਹੈ, ਦੁਨੀਆਂ ਨਾਲ (ਬਰਾਦਰੀ ਨਾਲ) ਵੀ ਤਾਂ

ਚੱਲਣਾ ਹੁੰਦਾ ਹੈ । ਜਿਹੜੇ ਸੱਜਣ ਗੁਰੂ ਹੁਕਮਾਂ ਵਿਰੁੱਧ ਅਜਿਹੇ ਢੀਠਤਾਈ ਦੇ ਬੋਲ ਬੋਲਣ ਤੋਂ ਵੀ ਗੁਰੇਜ਼ ਨਹੀਂ ਕਰਦੇ, ਉਹਨਾਂ ਅੰਦਰ ਸਿੱਖੀ ਅਥਵਾ ਗੁਰੂ ਦਾ ਕਿਤਨਾ ਕੁ ਸਤਿਕਾਰ ਹੋ ਸਕਦਾ ਹੈ, ਅੰਦਾਜ਼ਾ ਲਾਉਂਦੇ ਦੇਰ ਨਹੀਂ ਲੱਗਦੀ । ਅਜਿਹੇ ਸੱਜਣਾਂ ਨੂੰ **ਬਹਰੂਪੀਏ** ਤਾਂ ਕਿਹਾ ਜਾ ਸਕਦਾ ਹੈ, ਗੁਰਸਿੱਖ ਨਹੀਂ । ਸੰਗਤਾਂ ਨੂੰ ਅਜਿਹੇ ਬਹਰੂਪੀਆ ਤੋਂ ਸੁਚੇਤ ਰਹਿਣ ਦੀ ਵਧੇਰੇ ਲੋੜ ਹੈ ।

**– ਗਿਆਨੀ ਸੁਰਜੀਤ ਸਿੰਘ, ਲਾਜਪਤ ਨਗਰ, ਨਵੀਂ ਦਿੱਲੀ ।**

# ਸ਼ਰਧਾਂਜਲੀ

ਮ੍ਰਿਤਕ ਪ੍ਰਾਣੀ ਨੂੰ ਸ਼ਰਧਾਂਜਲੀ ਭੇਟ ਕਰਨ ਦਾ ਰਿਵਾਜ ਕਦੋਂ ਤੇ ਕਿਸ ਤਰ੍ਹਾਂ ਸ਼ੁਰੂ ਹੋਇਆ ਇਸ ਬਾਰੇ ਨਿਸਚਿਤ ਰੂਪ ਵਿਚ ਤਾਂ ਕੁਝ ਨਹੀਂ ਕਿਹਾ ਜਾ ਸਕਦਾ, ਪਰ ਰੀਸੋ ਰੀਸੀ ਇਹ ਭੈੜਾ ਰਿਵਾਜ ਕੌੜੀ ਵੇਲ ਵਾਂਗ ਦਿਨੋ ਦਿਨ ਵੱਧਦਾ ਹੀ ਜਾ ਰਿਹਾ ਹੈ । ਕੋਈ ਘਰਾਨਾ, ਵੱਡਾ ਹੋਵੇ ਜਾਂ ਛੋਟਾ, ਆਸਤਕ ਹੋਵੇ ਜਾਂ ਨਾਸਤਕ, ਧਰਮੀ ਹੋਵੇ ਜਾਂ ਅਧਰਮੀ, ਹਰ ਕੋਈ ਚਾਹੁਣ ਲੱਗ ਪਿਆ ਹੈ ਕਿ ਉਸਦੇ ਮ੍ਰਿਤਕ ਸਬੰਧੀ ਨੂੰ ਸ਼ਰਧਾਂਜਲੀਆਂ ਜਰੂਰ ਭੇਟ ਕੀਤੀਆਂ ਜਾਣ ।

ਘਰ ਵਾਲਿਆਂ ਦੀ ਇਹ ਵੀ ਇੱਛਾ ਹੁੰਦੀ ਹੈ ਕਿ ਸ਼ਰਧਾਂਜਲੀ ਭੇਟ ਕਰਨ ਵਾਲਾ ਮਨੁੱਖ ਸਮਾਜ ਵਿੱਚ ਉੱਚਾ ਦਰਜਾ ਰੱਖਣ ਵਾਲਾ ਹੋਵੇ ਜਾਂ ਫਿਰ ਸਟੇਜ ਤੇ ਚੰਗਾ ਬੋਲ ਸਕਣ ਵਾਲਾ ਹੋਵੇ ਜੋ ਘਰ ਵਾਲਿਆਂ ਦੀ ਚੰਗੀ ਸਿਫਤ ਕਰ ਸਕਦਾ ਹੋਵੇ ਅਤੇ ਸੁਣਨ ਵਾਲਿਆਂ ਉੱਤੇ ਵੀ ਚੰਗਾ ਪ੍ਰਭਾਵ ਪਾ ਸਕਦਾ ਹੋਵੇ ।

ਇਸ ਤਰ੍ਹਾਂ ਦੇ ਬੋਲਣ ਵਾਲੇ ਲਗਭਗ ਹਰ ਵਰਗ ਵਿੱਚ ਮਿਲ ਜਾਂਦੇ ਹਨ ਜੋ ਲੋਕਾਂ ਦਾ ਘਰ ਪੂਰਾ ਕਰ ਦਿੰਦੇ ਹਨ ।

ਮ੍ਰਿਤਕ ਪ੍ਰਾਣੀ ਦੀ ਆਤਮਾ ਦੀ ਕਲਿਆਨਤਾ ਲਈ ਰੱਖੇ ਅਖੰਡ ਪਾਠ ਜਾਂ ਸਹਿਜ ਪਾਠ ਦੇ ਭੋਗ ਮਗਰੋਂ ਗੁਰਬਾਣੀ ਦਾ ਕੀਰਤਨ ਕੀਤਾ ਕਰਾਇਆ ਜਾਂਦਾ ਹੈ ਤੇ ਫਿਰ ਸ਼ਰਧਾਂਜਲੀਆਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ । ਗੁਰੂ ਦੀ ਹਜ਼ੂਰੀ ਵਿੱਚ ਗੁਰਮਤਿ ਵੀਚਾਰਾਂ ਕਰਨੀਆਂ, ਜਿੰਦਗੀ ਤੇ ਮੌਤ ਦਾ ਫਲਸਫਾ ਸੰਗਤਾਂ ਨੂੰ ਦਰਸਾਉਣਾ ਚੰਗੀ ਤੇ ਉੱਤਮ ਗੱਲ ਹੈ, ਪਰ ਗੁਰੂ ਮਹਾਰਾਜ ਦੇ ਹਜੂਰ ਜਦ ਮ੍ਰਿਤਕ ਪ੍ਰਾਣੀ ਦੀਆਂ ਸਿਫਤਾਂ ਦੇ ਪੁਲ ਬੰਨਣ ਲੱਗਿਆਂ ਬੁਲਾਰਾ ਅੱਗਾ ਪਿੱਛਾ ਹੀ ਭੁੱਲ ਜਾਂਦਾ ਹੈ ਅਤੇ ਐਸੀਆਂ ਸਿਫਤਾਂ ਕਰਨ ਲੱਗ ਜਾਂਦਾ ਹੈ ਜੋ ਉਸ ਵਿੱਚ ਹੁੰਦੀਆਂ ਹੀ ਨਹੀਂ ਸਨ ਤਾਂ ਇਹ ਬਹੁਤ ਵੱਡਾ ਝੂਠ ਸੁਣਕੇ ਦੁੱਖ ਹੁੰਦਾ ਹੈ ।

ਇਹੋ ਜਿਹੀਆਂ ਸ਼ਰਧਾਂਜਲੀਆਂ ਸੁਣ ਕੇ ਲੋਕ ਮੂੰਹ ਨੀਵਾਂ ਕਰਕੇ ਹਸਦੇ ਤੇ ਮਖੌਲ ਉਡਾਂਉਦੇ ਹਨ । ਲੋਕੀ ਇਸ ਤਰ੍ਹਾਂ ਦੇ ਗਪੌੜੇ ਸੁਣ ਸੁਣ ਕੇ ਕਈ ਵਾਰ ਤੰਗ ਵੀ ਪੈ ਜਾਂਦੇ ਹਨ ਕਿਉਕਿ ਉਹ ਮ੍ਰਿਤਕ ਪ੍ਰਾਣੀ ਦੇ ਗੁਣ ਔਗੁਣ ਸੁਭਾਅ ਅਤੇ ਉਸਦੇ ਕੀਤੇ ਗਲਤ ਕੰਮਾਂ ਤੋਂ ਚੰਗੀ ਤਰ੍ਹਾਂ ਜਾਣੂੰ ਹੁੰਦੇ ਹਨ ਪਰ ਬੋਲਣ ਵਾਲਾ ਵਿਚਾਰਾ ਕੀ ਕਰੇ ? ਉਸ ਨੇ ਤਾਂ ਸਚੀਆਂ ਝੂਠੀਆਂ ਕਹਿ ਕੇ ਘਰ ਵਾਲਿਆਂ ਨੂੰ ਵੀ ਤਾਂ ਖੁਸ਼ ਕਰਨਾ ਹੁੰਦਾ ਹੈ ।

ਕਈ ਵਾਰ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਸ਼ਰਧਾਂਜਲੀ ਦੇਣ ਵਾਲਾ, ਮ੍ਰਿਤਕ ਦੀ ਥਾਂ ਘਰ ਵਾਲਿਆਂ ਦੀਆਂ ਹੀ ਸਿਫਤਾਂ ਕਰਨ ਲੱਗ ਜਾਂਦਾ ਹੈ ਤੇ ਇਉਂ ਜਾਪਣ ਲੱਗ ਜਾਂਦਾ ਹੈ ਕਿ ਘਰ ਵਾਲਿਆਂ ਨੇ ਇਹ ਸਮਾਗਮ ਆਪਣੀਆਂ ਸਿਫਤਾਂ ਕਰਾਉਣ ਲਈ ਹੀ ਰਚਿਆ ਹੈ।

ਇਹੋ ਜਿਹੇ ਲੋਕਾਂ ਨੂੰ ਝੂਠ ਬੋਲਦਿਆਂ ਨਾ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਦੀ ਪ੍ਰਵਾਹ ਹੁੰਦੀ ਹੈ, ਨਾ ਹੀ ਗੁਰੂ ਰੂਪ ਸੰਗਤ ਸਾਹਮਣੇ ਕੁਫਰ ਤੋਲਣ ਲੱਗਿਆਂ ਸ਼ਰਮ ਆਉਂਦੀ ਹੈ । ਹਾਲਾਂ ਕਿ ਸੰਬੋਧਨ ਕਰਨ ਲੱਗਿਆਂ ਸੰਗਤ ਨੂੰ ਗੁਰੂ ਦਾ ਰੂਪ ਉਹ ਆਪ ਕਹਿੰਦੇ ਹਨ ।

ਈਮਾਨਦਾਰੀ ਨਾਲ ਵੇਖਿਆ ਜਾਏ ਤਾਂ ਇਹੋ ਜਿਹੀਆਂ ਸ਼ਰਧਾਂਜਲੀਆਂ ਭੇਟ ਕਰ ਕਰ ਕੇ ਜਾਂ ਸੁਣ ਸੁਣ ਕੇ ਆਪਣੀ ਆਤਮਾ ਦੀ ਆਵਾਜ਼ ਨੂੰ ਹੀ ਖਤਮ ਕਰਨਾ ਹੁੰਦਾ ਹੈ, ਜ਼ਮੀਰ ਨੂੰ ਦਬਾਉਣਾ ਹੁੰਦਾ ਹੈ ਜੋ ਕਿ ਇੱਕ ਵੱਡਾ ਦੋਸ਼ (ਮਹਾਨ ਪਾਪ) ਹੈ ।

ਚੰਗੇ ਭਲੇ, ਪੜ੍ਹੇ ਲਿਖੇ ਤੇ ਸਿਆਣੇ ਲੋਕ ਵੀ ਆਪਣੇ ਮ੍ਰਿਤਕ ਪ੍ਰਾਣੀ ਨਮਿੱਤ ਫਰਜੀ (ਝੂਠੀਆਂ) ਸ਼ਰਧਾਂਜਲੀਆਂ ਸੁਣਕੇ ਜਿੱਥੇ ਖੁਸ਼ ਹੁੰਦੇ ਦੇਖੇ ਜਾਂਦੇ ਹਨ, ਉਥੇ ਵੱਡੇ ਸ਼ਹਿਰਾਂ ਵਿੱਚ ਸਰਧਾਂਜਲੀਆਂ ਭੇਟ ਕਰਨ ਦੇ ਮਾਹਿਰ (ਜਿਨ੍ਹਾਂ ਨੇ ਇਹ ਪੇਸ਼ਾ ਹੀ ਬਣਾ ਲਿਆ ਹੈ) ਇਹੋ ਜਿਹੇ ਮੌਕੇ ਤੇ ਚੰਗੀ ਮਾਇਆ ਪ੍ਰਾਪਤ ਕਰਕੇ ਜਿੱਥੇ ਆਪਣਾ ਰੁਜ਼ਗਾਰ ਕਾਇਮ ਕਰ ਰਹੇ ਹਨ ਉਥੇ ਇਹ ਭੰਡ ਨੁਮਾ ਲੋਕ ਵਕਤ ਵੇਖ ਕੇ ਸੁਰ ਤਾਲ ਅਲਾਪਦੇ ਹਨ ਅਤੇ ਸਰੋਤਿਆਂ ਨੂੰ ਮੂਰਖ ਬਣਾਉਣ ਦਾ ਕੋਝਾ ਯਤਨ ਕਰਦੇ ਹਨ ।

ਜੇ ਗੰਭੀਰਤਾ ਨਾਲ ਸੋਚੀਏ ਤਾਂ ਮ੍ਰਿਤਕ ਲਈ ਅਤੇ ਉਸਦੇ ਪਰਿਵਾਰ ਨੂੰ ਸ਼ਾਂਤੀ ਅਤੇ ਭਾਣਾ ਮੰਨਣ ਦਾ ਉਪਦੇਸ਼ ਗੁਰਬਾਣੀ ਦਾ ਪਾਠ ਅਤੇ ਕੀਰਤਨ ਨਾਲੋਂ ਵੱਧ ਹੋਰ ਕੌਣ ਦੇ ਸਕਦਾ ਹੈ ?

ਗੁਰਬਾਣੀ ਦੇ ਪਾਠ ਅਤੇ ਅਰਦਾਸ ਤੋਂ ਵੱਧ ਹੋਰ ਸੱਚੀ ਸ਼ਰਧਾਂਜਲੀ ਹੋ ਵੀ ਕੀ ਸਕਦੀ ਹੈ ? ਪਰ ਅਫਸੋਸ ! ਅਸੀਂ ਗੁਰੂ ਦੇ ਸਿੱਖ ਅਖਵਾਉਣ ਵਾਲੇ ਗੁਰਬਾਣੀ ਨੂੰ ਸਹੀ ਅਰਥਾਂ ਵਿੱਚ ਸਮਝਣ ਸਮਝਾਉਣ ਦੀ ਕੋਸ਼ਿਸ਼ ਹੀ ਨਹੀਂ ਕਰਦੇ ਅਤੇ ਅਰਦਾਸ ਦੀ ਮਹਾਨਤਾ ਨੂੰ ਬਹੁਤਿਆਂ ਨੇ ਸਮਝਿਆ ਹੀ ਨਹੀਂ । ਜਾਂ ਜੇ ਸਮਝਿਆ ਹੈ ਤਾਂ ਮਚਲੇ ਬਣ ਕੇ ਨਿੱਤ ਨਵੇਂ ਇਹੋ ਜਿਹੇ ਡਰਾਮੇ ਰਚਦੇ ਅਤੇ ਵੇਖ ਕੇ ਆਪਣਾ ਕੀਮਤੀ ਸਮਾਂ (ਮਨੁੱਖਾ ਜਨਮ) ਨਸ਼ਟ ਕਿਉਂ ਕਰਦੇ ਚਲੇ ਆ ਰਹੇ ਹਾਂ ?

ਕੁਝ ਵੀ ਹੋਵੇ, ਗੁਰੂ ਮਹਾਰਾਜ ਦੇ ਹਜ਼ੂਰ ਕੀਰਤਨ-ਕਥਾ ਗੁਰਮਤਿ ਵਿਚਾਰਾਂ ਅਤੇ ਅਰਦਾਸ ਤੋਂ ਇਲਾਵਾ ਮ੍ਰਿਤਕ ਪ੍ਰਾਣੀ ਨੂੰ ਵਿਖਾਵੇ ਦੀਆਂ ਸ਼ਰਧਾਂਜਲੀਆਂ ਭੇਟ ਕਰਨਾ, ਕਿਸੇ ਪੱਖੋਂ ਵੀ ਗੁਰਮਤਿ ਅਨੁਸਾਰ ਠੀਕ ਨਹੀਂ । ਇਹ ਨਿਰੀ ਮਨਮਤਿ ਹੈ, ਇਸ ਲਈ ਇਹ ਕੋਝਾ ਰਿਵਾਜ ਬਿਲਕੁਲ ਬੰਦ ਕਰਨਾ ਤੇ ਕਰਾਉਣਾ ਚਾਹੀਦਾ ਹੈ ।

## ਹੋਰ ਦੇਖੋ

ਸਾਡੇ ਆਮ ਸਿੱਖਾਂ ਦੇ ਘਰਾਂ ਵਿੱਚ ਕਿਸੇ ਪ੍ਰਾਣੀ ਦੀ ਮ੍ਰਿਤੂ ਸਮੇਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਇਹ ਪਾਉੜੀ ਜ਼ਰੂਰ ਪੜ੍ਹੀ ਪੜ੍ਹਾਈ ਜਾਂਦੀ ਹੈ ।

**ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ ।।**
**ਸਚੀ ਦਰਗਹ ਜਾਇ ਸਚਾ ਪਿੜ ਮਲਿਆ ।।**

(ਭਾਈ ਗੁਰਦਾਸ ਜੀ, ਵਾਰ ੧੪ ਪਉੜੀ ੧੯)

ਇਨ੍ਹਾਂ ਪੰਗਤੀਆਂ ਤੋਂ ਇਹ ਪ੍ਰਭਾਵ ਲਿਆ ਜਾਂਦਾ ਹੈ ਕਿ ਜੋ ਰੂਹ ਸਾਥੋਂ ਵਿਛੜ ਗਈ ਹੈ ਉਹ ਗੁਰਮੁਖ ਸੀ । ਉਹ ਪ੍ਰਾਣੀ ਆਪਣਾ ਜਨਮ ਸਫਲਾ ਸਵਾਰ ਕੇ ਇਸ ਸੰਸਾਰ ਤੋਂ ਗਿਆ ਹੈ ਅਤੇ ਅੱਗੇ ਪ੍ਰਮਾਤਮਾ ਦੀ ਦਰਗਾਹ ਵਿੱਚ ਉਸ ਨੇ ਸੱਚਾ ਪਿੜ ਮਲ ਲਿਆ ਹੈ ।

## ਜਰਾ ਸੋਚੀਏ

ਸਾਨੂੰ ਕਿਸ ਤਰ੍ਹਾਂ ਪਤਾ ਲੱਗ ਗਿਆ ਕਿ ਵਿਛੜੀ ਰੂਹ ਨੇ ਅੱਗੇ ਪ੍ਰਮਾਤਮਾ ਦੇ ਦਰ ਤੇ ਸੱਚਾ ਪਿੜ ਮਲ ਲਿਆ ਹੈ ?

ਵਿਛੜੀ ਰੂਹ ਨੇ ਸੱਚਾ ਪਿੜ ਮੱਲਣਾ ਹੈ ਜਾਂ ਗੁਰਮੁਖਾਂ ਦੀ ਕਤਾਰ ਵਿੱਚ ਗਿਣਿਆ ਜਾਣਾ ਹੈ ਜਾਂ ਉਸਦਾ ਜਨਮ ਸਫਲ ਹੋਇਆ ਹੈ ਜਾਂ ਹੋਣਾ ਹੈ ਉਹ ਤਾਂ ਉਸਦੀ ਆਪਣੀ ਕਰਨੀ ਦੇ ਸਦਕੇ ਹੀ ਹੋਣਾ ਹੈ ਨਾ ਕਿ ਸਾਡੀਆਂ ਤੁਹਾਡੀਆਂ ਸ਼ਰਧਾਂਜਲੀਆਂ ਜਾਂ ਇਨ੍ਹਾਂ ਉਪਰਲੀਆਂ ਪੰਗਤੀਆਂ ਦੇ ਪੜ੍ਹਨ ਸੁਣਨ ਨਾਲ ਹੋਣਾ ਹੈ ।

ਦਰਅਸਲ ਅਸੀਂ ਸਾਰੇ ਤਾਂ ਨਹੀਂ ਪਰ ਬਹੁਤੇ ਲੋਕ ਹੋਰ ਧਰਮ ਦੇ ਕੰਮਾਂ ਵਾਂਗ ਇਹੋ ਜਿਹੇ ਮਿਰਤਕ ਸਮਾਗਮਾਂ ਉੱਤੇ ਵੀ ਰਸਮੀ ਤੌਰ ਤੇ ਹੀ ਸ਼ਾਮਲ ਹੁੰਦੇ ਹਾਂ ਅਤੇ ਰਸਮੀ ਤੌਰ ਤੇ ਹੀ ਪਾਠ-ਕੀਰਤਨ ਆਦਿ ਕਰ ਸੁਣ ਲੈਂਦੇ ਹਾਂ । ਇਸ ਤਰ੍ਹਾਂ ਦੇ ਰਸਮੀ ਤੌਰ ਤੇ ਕੀਤੇ ਕੰਮਾਂ ਦਾ ਫਲ ਅਤੇ ਅਸਰ ਵੀ ਉਹੋ ਜਿਹਾ ਹੀ ਹੋਣਾ ਹੈ ।

ਨਿਰਪੱਖ ਹੋ ਕੇ ਜ਼ਰਾ ਠੰਡੇ ਦਿਲ ਨਾਲ ਸੋਚੀਏ ਕਿ ਮ੍ਰਿਤਕ ਦੇ ਭੋਗ ਸਮੇਂ ਇਸ ਤਰ੍ਹਾਂ ਦੀਆਂ ਸ਼ਰਧਾਂਜਲੀਆਂ ਅਤੇ ਸ਼ਬਦ ਪੜ੍ਹਕੇ ਹਰ ਇਕ ਨੂੰ ਗੁਰਸਿੱਖੀ ਦੀ ਪਦਵੀ ਦੇਣੀ ਅਤੇ ਸੱਚਾ ਪਿੜ ਮੱਲਣ ਦਾ ਸਰਟੀਫਿਕੇਟ ਦੇ ਦੇਣਾ ਕਿੱਥੋਂ ਤੱਕ ਠੀਕ ਤੇ ਜਾਇਜ਼ ਹੈ ।

ਇਸਦਾ ਮਤਲਬ ਇਹ ਹੋਇਆ ਕਿ ਮ੍ਰਿਤਕ ਆਪਣੀ ਜੀਵਨ ਯਾਤਰਾ ਵਿੱਚ ਜਿਹੋ ਜਿਹੇ ਚੰਗੇ ਮੰਦੇ ਕੰਮ ਕਰਦਾ ਰਿਹਾ, ਉਨ੍ਹਾਂ ਦਾ ਉਸਦੀ ਰੂਹ ਉੱਤੇ ਕੋਈ ਅਸਰ ਨਹੀਂ ਹੋਇਆ ਹੋਣਾ ਜਾਂ ਨਹੀਂ ਹੋਏਗਾ ?

ਗੁਰਬਾਣੀ ਤਾਂ ਕਹਿੰਦੀ ਹੈ-

**ਜੇਹੀ ਸੁਰਤਿ ਤੇਹਾ ਤਿਨ ਰਾਹੁ** ।। (ਮ: ੧-੨੫)

ਅਤੇ

**ਜੈਸਾ ਸੇਵੈ ਤੈਸੋ ਹੋਇ** ।। (ਮ: ੧-੨੨੩)

ਗੁਰਬਾਣੀ ਅਨੁਸਾਰ ਮਨੁੱਖ ਦੇ ਕੀਤੇ ਕੰਮਾਂ ਦਾ ਅਸਰ ਉਸਦੀ ਰੂਹ ਤੇ ਜ਼ਰੂਰ ਪੈਂਦਾ ਹੈ ਅਤੇ ਅੱਗੋਂ ਫਲ ਵੀ ਉਸ ਨੂੰ ਉਸ ਤਰ੍ਹਾਂ ਦਾ ਮਿਲਦਾ ਹੈ ।

ਸ਼ੁਰੂ ਵਿੱਚ ਦਿੱਤੀਆਂ ਬਾਣੀ ਦੀਆਂ ਪੰਗਤੀਆਂ ਦੇ ਅਰਥ ਭਾਵਾਂ ਨੂੰ ਜੇ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਹ ਪੰਗਤੀਆਂ ਵਾਲਾ ਸ਼ਬਦ ਪ੍ਰਾਣੀ ਦੇ ਚੜ੍ਹਾਈ ਕਰ ਜਾਣ ਬਾਅਦ ਪੜ੍ਹਨਾ ਬਣਦਾ ਹੀ ਨਹੀਂ ਕਿਉਂਕਿ ਉਸ ਵੇਲੇ ਉਹ ਵਿਛੜ ਚੁੱਕੀ ਰੂਹ ਨਾ ਸੁਣ ਰਹੀ ਹੁੰਦੀ ਹੈ ਅਤੇ ਨਾਂਹ ਹੀ ਪੜ੍ਹ ਰਹੀ ਹੁੰਦੀ ਹੈ । ਉਸ ਨੇ ਇਨ੍ਹਾਂ ਪੰਗਤੀਆਂ ਤੋਂ ਕੀ ਪ੍ਰਭਾਵ ਲੈਣਾ ਹੈ ? ਭਾਵ ਕੁਝ ਨਹੀਂ ।

ਅਸੀਂ ਆਪਣੀ ਸਾਰੀ ਜਿੰਦਗੀ ਜਿਤਨੇ ਮਰਜ਼ੀ ਝੂਠ ਬੋਲਦੇ ਰਹੀਏ ਕਾਰ ਵਿਹਾਰ ਵਿੱਚ ਅਤੇ ਲੈਣ ਦੇਣ ਦੇ ਹੋਰ ਅਨੇਕਾਂ ਕੰਮਾਂ ਵਿੱਚ ਸੈਂਕੜੇ ਹੇਰਾਂ-ਫੇਰੀਆਂ, ਝੂਠ-ਚਲਾਕੀਆਂ ਤੇ

ਹੋਰ ਗਲਤ ਗੱਲਾਂ ਕਰਦੇ ਰਹੀਏ ਤੇ ਮਰਨ ਪਿੱਛੋਂ ਸਾਡੇ ਬੱਚੇ ਆਪ ਕਹਿ ਦੇਣ ਜਾਂ ਹੋਰਨਾਂ ਤੋਂ ਕਹਿਲਵਾ ਦੇਣ ਕਿ ਅਸੀਂ ਪਿੜ ਸੱਚਾ ਮੱਲ ਲਿਆ ਹੈ ਤਾਂ ਫਿਰ ਇਹ ਕਿਤਨੀ ਨਿਰਾਦਰੀ ਹੈ ਉਸ ਅਕਾਲ ਪੁਰਖ ਦੀ ਅਤੇ ਉਸ ਦੇ ਸੱਚੇ ਪਿੜ ਦੀ ਜੋ ਸਚਾਈ ਵਿਹੂਣੇ ਮਨ ਨੂੰ ਵੀ ਉਥੇ ਮਿਲ ਜਾਂਦਾ ਹੈ ।

ਨਾਂਹ ਤਾਂ ਸਾਡੇ ਬੱਚੇ ਰੱਬ ਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲੱਗੇ ਹੋਏ ਹਨ ਜੋ ਸਾਨੂੰ ਡਿਗਰੀ ਦੇ ਦੇਣਗੇ ਕਿ ਅਸੀਂ ਜਨਮ ਸੰਵਾਰ ਕੇ ਇਥੋਂ ਗਏ ਹਾਂ ਅਤੇ ਨਾਂਹ ਹੀ ਰੱਬ ਦੀ ਸੱਚੀ ਅਦਾਲਤ ਦੇ ਚੀਫ ਜਸਟਿਸ ਲੱਗੇ ਹੋਏ ਹਨ ਜੋ ਇਹ ਫੈਸਲਾ ਸੁਣਾ ਦੇਣਗੇ ਕਿ ਅਸੀ ਸੱਚਾ ਪਿੜ ਮੱਲ ਲਿਆ ਹੈ ।

ਦਰਅਸਲ ਇਹ ਵਾਈਸ ਚਾਂਸਲਰ ਅਤੇ ਚੀਫ ਜਸਟਿਸ ਅਕਾਲ ਪੁਰਖ ਆਪ ਹੀ ਹੈ, ਜੋ ਜਿੱਥੇ ਸਰਬ ਸ਼ਕਤੀਮਾਨ ਹੈ ਉਥੇ ਸਭ ਦੇ ਦਿਲਾਂ ਦੀਆਂ ਜਾਨਣ ਵਾਲਾ ਹੈ ਉਥੇ ਤਾਂ-

**ਮੰਦਾ ਚੰਗਾ ਆਪਣਾ,**
**ਆਪੇ ਹੀ ਕੀਤਾ ਪਾਵਣਾ** ।। (ਮ: ੧-੪੭੦)

ਅਨੁਸਾਰ ਸਾਡੇ ਚੰਗੇ ਮੰਦੇ ਕੀਤੇ ਹੋਏ ਕਰਮਾਂ ਦੇ ਆਧਾਰ ਤੇ ਹੀ ਉਸ ਨੇ ਨਿਰਣਾ ਕਰਨਾ ਹੈ ਕਿ ਅਸੀ ਇਸ ਸੰਸਾਰ ਵਿੱਚ ਰਹਿ ਕੇ ਕੀ ਕੀ ਕਾਰਨਾਮੇ ਕੀਤੇ ਹਨ ।

ਮਰਨ ਮਗਰੋਂ ਉਪਰਲਾ ਸ਼ਬਦ ਪੜ੍ਹਨ ਪੜ੍ਹਾਉਣ ਦੀ ਬਜਾਏ ਸਾਨੂੰ ਆਪਣੇ ਜੀਊਂਦੇ ਜੀਅ ਇਹ ਸ਼ਬਦ ਬਾਰ ਬਾਰ ਪੜ੍ਹ ਸੁਣ ਕੇ ਜਿਥੇ ਇਸ ਦੀ ਮਹਤੱਤਾ ਨੂੰ ਸਮਝਣਾ ਚਾਹੀਦਾ ਹੈ ਉਥੇ ਸੱਚੇ ਪਿੜ ਦੇ ਮੱਲਣ ਦੀ ਤਿਆਰੀ ਲਈ ਸੱਚਾ ਸੁੱਚਾ ਜੀਵਨ ਬਣਾਉਣ ਲਈ ਯੋਗ ਉਪਰਾਲਾ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੁ ਮਰਨ ਮਗਰੋਂ ਗੁਰਮੁਖਾਂ ਦੀ ਕਤਾਰ ਵਿੱਚ ਖੜੇ ਹੋਣ ਯੋਗ ਹੋ ਸਕੀਏ ।

## ਮ੍ਰਿਤਕ ਦੀ ਤਸਵੀਰ

ਮ੍ਰਿਤਕ ਦੇ ਭੋਗ ਸਮੇਂ ਸ਼ਰਧਾਂਜਲੀਆਂ ਭੇਟ ਕਰਨ ਦੇ ਗਲਤ ਰਿਵਾਜ ਦੇ ਨਾਲ ਨਾਲ ਇੱਕ ਹੋਰ ਪਖੰਡ ਇਹ ਤੁਰ ਪਿਆ ਹੈ ਕਿ ਮ੍ਰਿਤਕ ਦੀ ਤਸਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਰੱਖੀ ਜਾਣ ਲੱਗ ਪਈ ਹੈ ।

ਕਈ ਲੋਕ ਇਹ ਤਸਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਟਿਕਾ ਦਿੰਦੇ ਹਨ ਜਿੱਥੇ ਸੰਗਤਾਂ ਮੱਥਾ ਟੇਕਦੀਆਂ ਹਨ । ਇਉਂ ਜਾਪਣ ਲੱਗ ਜਾਂਦਾ ਹੈ ਕਿ ਮੱਥਾ ਟੇਕਣ ਵਾਲਾ ਗੁਰੂ ਸਾਹਿਬ ਦੇ ਨਾਲ ਮ੍ਰਿਤਕ ਪ੍ਰਾਣੀ ਦੀ ਫੋਟੋ ਨੂੰ ਵੀ ਮੱਥਾ ਟੇਕ ਰਿਹਾ ਹੈ ।

ਅਮੀਰ ਲੋਕ ਤਾਂ ਮ੍ਰਿਤਕ ਪ੍ਰਾਣੀ ਦੀ ਬੜੀ ਸੁੰਦਰ ਤਸਵੀਰ ਬਣਵਾ ਕੇ ਉਸ ਉੱਤੇ ਫੁੱਲਾਂ ਦਾ ਸਿਹਰਾ ਚੜ੍ਹਾ ਕੇ ਰੱਖਣ ਲੱਗ ਪਏ ਹਨ, ਜਿਵੇਂ ਕੋਈ ਬੜੇ ਭਜਨੀਕ ਜਾਂ ਮੰਨੇ ਪਰਮੰਨੇ ਮਹਾਂ ਪੁਰਸ਼ ਦੀ ਯਾਦ ਮਨਾਈ ਜਾ ਰਹੀ ਹੋਵੇ ।

ਕੁਝ ਵੀ ਹੋਵੇ ਮਿਰਤਕ ਭਾਵੇਂ ਕੋਈ ਸੰਤ ਹੋਵੇ ਜਾਂ ਲੀਡਰ, ਸਧਾਰਨ ਪੁਰਸ਼ ਇਸਤਰੀ ਹੋਵੇ ਜਾਂ ਅਸਧਾਰਨ ਸਿਫਤਾਂ ਵਾਲਾ, ਅਮੀਰ ਜਾਂ ਗਰੀਬ ਹੋਵੇ, ਭੋਗ ਸਮੇਂ ਉਸਦੀ ਤਸਵੀਰ ਦੀ ਨੁਮਾਇਸ਼, ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੀ ਹਜ਼ੂਰੀ ਵਿੱਚ ਕਰਨੀ, ਨਿਰੋਲ ਮਨਮਤ, ਆਪ ਹੁਦਰੀ ਤੇ ਬੇਤੁਕੀ ਕਾਰਵਾਈ ਹੈ ਜਿਸਦਾ ਕੋਈ ਮਤਲਬ ਹੀ ਨਹੀਂ ।

ਹੈਰਾਨੀ ਦੀ ਗੱਲ ਹੈ ਕਿ ਮ੍ਰਿਤਕ ਦੇ ਭੋਗ ਸਮੇਂ ਉਥੇ ਬੈਠੇ ਹੋਏ ਸਿੰਘ ਸਭਾਵਾਂ ਦੇ ਪ੍ਰਧਾਨ ਸੱਕਤਰ, ਪੰਥਕ ਮੁਖੀ ਹੋਰ ਆਗੂ ਤੇ ਹੋਰ ਧਾਰਮਿਕ ਵਿਚਾਰਾਂ ਵਾਲੇ ਪੁਰਸ਼ ਇਸਤਰੀਆਂ ਇਸ ਤਰ੍ਹਾਂ ਦੀਆਂ ਮਨਮਤੀ ਅਤੇ ਗੁਰਮਤਿ ਵਿਰੋਧੀ ਕਾਰਵਾਈਆਂ ਵੇਖ ਕੇ ਆਪਣੀ ਜ਼ੁਬਾਨ ਤੱਕ ਨਹੀ ਖੋਲਦੇ, ਚੂੰ ਤੱਕ ਨਹੀਂ ਕਰਦੇ ।

ਦੁੱਖ ਦੀ ਗੱਲ ਹੋਰ ਇਹ ਹੁੰਦੀ ਹੈ ਕਿ ਉਪਰ ਦਿੱਤੇ ਹੋਏ ਧਾਰਮਿਕ ਰੁਚੀ ਵਾਲੇ ਅਤੇ ਗੁਰਮਤਿ ਦੀ ਕੁਝ ਸੋਝੀ ਰੱਖਣ ਵਾਲੇ ਮਨੁੱਖ ਇਸ ਮਨਮਤਿ ਵਿਰੁੱਧ ਕੁਝ ਕਹਿਣ ਦੀ ਥਾਂ ਸਮਾਗਮ ਵਾਲੇ ਘਰ ਦੇ ਮੁਖੀ ਸਜਨ ਦੀ ਬੇਲੋੜੀ ਤੇ ਝੂਠੀ-ਸੱਚੀ ਸ਼ਲਾਘਾ ਕਰ ਦੇਂਦੇ ਹਨ ਜਿਸ ਦਾ ਨਤੀਜਾ ਇਹ ਨਿਕਲਦਾ ਹੈ ਕਿ ਘਰ ਵਾਲਿਆਂ ਨੂੰ ਤੱਸਲੀ ਹੋ ਜਾਂਦੀ ਹੈ ਕਿ ਉਨ੍ਹਾਂ ਨੇ ਭੋਗ ਦੇ ਸਮੇਂ ਜੋ ਕੀਤਾ ਹੈ ਉਹ ਐਨ ਗੁਰਮਤਿ ਅਨੁਸਾਰ ਹੈ ਕਿਉਕਿ ਕਿਸੇ ਗਰੰਥੀ ਸਿੰਘ, ਰਾਗੀ ਸਿੰਘ, ਪ੍ਰਚਾਰਕ ਜਾਂ ਹੋਰ ਪਿੰਡ ਸ਼ਹਿਰ ਦੇ ਨੇਤਾ ਨੇ ਕੋਈ ਕਿੰਤੂ ਨਹੀਂ ਕੀਤੀ ।

ਇਹੋ ਕਾਰਨ ਹੈ ਕਿ ਜਿੱਥੇ ਹੋਰ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਮਨਮਤ ਦੀਆਂ ਗੱਲਾਂ ਕਰਨ ਵਿੱਚ ਉਤਸ਼ਾਹ ਮਿਲਦਾ ਹੈ ਉਥੇ ਗੁਰਮਤਿ ਵਿਰੋਧੀ ਕਾਰਵਾਈਆਂ ਦਿਨੋਂ ਦਿਨ ਵੱਧ ਰਹੀਆਂ ਹਨ ।

ਸਾਡੇ ਸਿੱਖ ਘਰਾਂ ਵਿੱਚ ਮ੍ਰਿਤਕ ਦੇ ਭੋਗ ਸਮੇਂ, ਉਹ ਕਿਹੜੀ ਬਿਪਰਨ (ਬ੍ਰਾਹਮਣ) ਰੀਤੀ ਹੈ ਜੋ ਨਹੀ ਹੁੰਦੀ । ਕਿਰਿਆ ਕੱਪੜੇ, ਬਰਤਨ, ਬਿਸਤਰਾ, ਫਰੂਟ, ਮਠਿਆਈ, ਛਤਰੀ ਆਦਿ ਵਸਤਾਂ ਮਿਰਤਕ ਪ੍ਰਾਣੀ ਲਈ ਦੀਵਾਨ ਵਿੱਚ ਰੱਖ ਕੇ ਨੁਮਾਇਸ਼ ਸਾਡੇ ਘਰਾਂ ਵਿੱਚ ਗਜ ਵਜ ਕੇ ਕੀਤੀ ਜਾਂਦੀ ਹੈ ਫਰਕ ਕੇਵਲ ਇਤਨਾ ਹੈ ਕਿ ਉਨ੍ਹਾਂ ਘਰਾਂ ਵਿੱਚ ਇਹ ਸਾਰੀਆਂ ਵਸਤਾਂ ਬ੍ਰਾਹਮਣ ਜਾਂ ਅਚਾਰਜੀ ਲੈ ਜਾਂਦਾ ਹੈ, ਇਧਰ ਸਾਡੇ ਪਾਠੀ ਗਰੰਥੀ ਸਿੰਘ ਸਮੇਟ ਕੇ ਲੈ ਜਾਂਦੇ ਹਨ ।

ਗੁਰੂ ਮਹਾਰਾਜ ਦੇ ਖਾਲਸੇ ਪ੍ਰਤੀ ਹੇਠ ਲਿਖੇ ਕਹੇ ਵਾਕ ਜਾਪਦਾ ਹੈ, ਸਾਨੂੰ ਭੁੱਲਦੇ ਜਾ ਰਹੇ ਹਨ-

**ਜਬ ਇਹ ਗਹੇ ਬਿਪਰਨ ਕੀ ਰੀਤ ॥**
**ਮੈਂ ਨਾ ਕਰੋਂ ਇਨ ਕੀ ਪ੍ਰਤੀਤ ॥**

ਇਸ ਤੋਂ ਪਹਿਲੀਆਂ ਪੰਗਤੀਆਂ ਗੁਰੂ ਸਾਹਿਬ ਦੀਆਂ ਇਹ ਹਨ-

**ਜਬ ਲਗ ਖਾਲਸਾ ਰਹੇ ਨਿਆਰਾ ॥**
**ਤਬ ਲਗ ਤੇਜ ਦੀਉ ਮੈ ਸਾਰਾ ॥**

ਗੁਰਮਤਿ ਵਿਰੋਧੀ ਕਾਰਵਾਈਆਂ ਨੂੰ ਜੇ ਰੋਕਣਾ ਹੈ ਤਾਂ ਸਾਡੇ ਧਾਰਮਿਕ ਲੀਡਰਾਂ, ਸਿੰਘ ਸਭਾਵਾਂ ਤੇ ਹੋਰ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ, ਪ੍ਰਧਾਨਾਂ ਅਤੇ ਗਰੰਥੀ, ਪਾਠੀ ਸਿੰਘਾਂ ਨੂੰ ਮਹਾਰਾਜ ਦੀਆਂ ਉਪਰਲੀਆਂ ਪੰਗਤੀਆਂ ਵੱਲ ਉਚੇਚਾ ਧਿਆਨ ਦੇ ਕੇ ਅਮਲ ਵਿੱਚ ਲਿਆਉਣਾ ਪਵੇਗਾ, ਉਥੇ ਉਨ੍ਹਾਂ ਨੂੰ ਇਹੋ ਜਿਹੀਆਂ ਹੋਰ ਗੁਰਬਾਣੀ ਦੀਆਂ ਪੰਗਤੀਆਂ ਦੀ ਵਿਆਖਿਆ ਵਿਸਥਾਰ ਨਾਲ ਸੰਗਤਾਂ ਵਿੱਚ ਪ੍ਰਚਾਰਨੀ ਪਵੇਗੀ ।

ਆਗੂਆਂ ਨੂੰ ਅਕਾਲੀ ਫੂਲਾ ਸਿੰਘ ਦੀ ਤਰ੍ਹਾਂ ਨਿਡਰ ਹੋ ਕੇ ਅੱਗੇ ਨਿਤਰਨਾ ਪਵੇਗਾ।

ਇਨ੍ਹਾਂ ਫਜੂਲ ਰਿਵਾਜਾਂ ਵਿਰੁੱਧ ਜਹਾਦ ਕਰਨ ਲਈ ਹਰ ਸਿੱਖ ਅਖਵਾਉਣ ਵਾਲੇ ਨੂੰ ਗੁਰਮਤਿ ਦੇ ਮੁਢਲੇ ਤੇ ਜ਼ਰੂਰੀ ਅਸੂਲਾਂ ਤੋਂ ਜਿੱਥੇ ਆਪ ਜਾਣੂ ਹੋਣਾ ਪਵੇਗਾ ਉਥੇ ਇਸ ਦੇ ਪ੍ਰਚਾਰ ਲਈ ਤਨ ਮਨ ਅਤੇ ਧਨ ਵੀ ਲਾਉਣਾ ਪਵੇਗਾ ।

ਜਿਥੇ ਕਿਧਰੇ ਇਹੋ ਜਿਹੀਆਂ ਕੁਰੀਤੀਆਂ ਹੁੰਦੀਆਂ ਹੋਣ ਉਥੇ ਬਿਨਾਂ ਕਿਸੇ ਲਿਹਾਜ ਦੇ ਪ੍ਰੋਟੈਸਟ ਕਰਨਾ ਪਏਗਾ । ਗੁਰਮਤਿ ਦੇ ਪ੍ਰਚਾਰ ਦੇ ਹੋਰ ਸਾਧਨਾਂ ਨੂੰ ਅਪਨਾਉਣ ਦੇ ਨਾਲ ਨਾਲ ਮ੍ਰਿਤਕ ਦੇ ਭੋਗ ਦੇ ਮੌਕੇ ਸ੍ਰੀ ਗੁਰੂ ਅਮਰਦਾਸ ਜੀ ਦੀ ਅੰਤਮ ਵਸੀਅਤ ਜੋ ਰਾਮਕਲੀ ਰਾਗ ਵਿੱਚ ' ਸਦੁ ' ਸਿਰਲੇਖ ਹੇਠ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ਉਸਦੀ ਵਿਆਖਿਆ ਜਰੂਰ ਕਰਨੀ ਹੋਵੇਗੀ ।

ਇਸ ਤਰ੍ਹਾਂ ਇਹ ਗਲਤ ਪਈਆਂ ਹੋਈਆਂ ਰੀਤਾਂ ਹਟ ਸਕਣਗੀਆਂ ।

ਸ. ਦੀਦਾਰ ਸਿੰਘ ' ਪਟਿਆਲਾ

# ਹਿੰਦੂ ਮੱਤ ਅਨੁਸਾਰ ਅੰਤਮ ਸੰਸਕਾਰ

ਜਦੋਂ ਕਿਸੇ ਹਿੰਦੂ ਘਰ ਵਿੱਚ ਕੋਈ ਪ੍ਰਾਣੀ ਮਰਨ ਲੱਗਦਾ ਹੈ ਤਾਂ ਉਸਦੇ ਪੁੱਤਰ, ਇਸਤ੍ਰੀ ਆਦਿਕ ਵਾਰਸ ਸ਼ਾਸਤ੍ਰਾਂ ਦੀ ਦੱਸੀ ਮਰਿਯਾਦਾ ਅਨੁਸਾਰ ਉਸ ਨੂੰ ਮੰਜੇ ਤੋਂ ਹੇਠਾ ਲਾਹ ਲੈਂਦੇ ਹਨ, ਭੁੰਜੇ ਦੱਭ ਵਿਛਾ ਕੇ ਉਸ ਉੱਤੇ ਕੱਪੜਾ ਆਦਿਕ ਵਿਛਾ ਦੇਣ ਦੀ ਮਰਿਆਦਾ ਹੈ । ਉਸਦੇ ਹੱਥ ਦੀ ਤਲੀ ਉੱਤੇ ਆਟੇ ਦਾ ਦੀਵਾ ਰੱਖ ਕੇ ਜਗਾ ਦੇਂਦੇ ਹਨ, ਤੇ ਦੀਵੇ ਵਿੱਚ ਬ੍ਰਾਹਮਣ ਦੀ ਭੇਟਾ ਲਈ ਸਮਰਥਾ ਅਨੁਸਾਰ ਅਠਿਆਨੀ ਰੁਪਿਆ ਆਦਿਕ ਚਾਂਦੀ ਸੋਨੇ ਦਾ ਸਿੱਕਾ ਪਾ ਦੇਂਦੇ ਹਨ । ਇਸ ਮਰਿਯਾਦਾ ਦਾ ਭਾਵ ਉਹ ਇਹ ਸਮਝਦੇ ਹਨ ਕਿ ਮਰਨ ਵਾਲੇ ਪ੍ਰਾਣੀ ਦੀ ਆਤਮਾ ਨੇ ਅਗਾਂਹ ਬੜੇ ਹਨੇਰੇ ਪੈਂਡਿਆਂ ਵਿਚੋਂ ਦੀ ਲੰਘਣਾ ਹੈ, ਜਿਥੇ ਰਾਹ-ਖਹਿੜਾ ਵੇਖਣ ਲਈ ਉਸ ਨੂੰ ਚਾਨਣ ਦੀ ਲੋੜ ਪੈਂਦੀ ਹੈ । ਮਰਨ ਵੇਲੇ ਉਸ ਦੀ ਤਲੀ ਉੱਤੇ ਰੱਖਿਆ ਦੀਵਾ ਉਸ ਨੂੰ ਪਰਲੋਕ ਦੇ ਪੈਂਡਿਆਂ ਵਿੱਚ ਚਾਨਣ ਦੇਂਦਾ ਹੈ ।

ਜਦੋਂ ਆਦਮੀ ਮਰ ਜਾਂਦਾ ਹੈ ਤਾਂ ਉਸਦੇ ਸਰੀਰ ਦਾ ਸਸਕਾਰ ਕਰਨ ਤੋਂ ਪਹਿਲਾਂ ਜਵਾਂ ਦੇ ਪੇੜੇ ਪੱਤਲਾਂ ਉੱਤੇ ਰੱਖ ਕੇ ਮਣਸੇ ਜਾਂਦੇ ਹਨ । ਬ੍ਰਾਹਮਣ ਪੁਰਾਣ ਆਦਿਕ ਦੇ ਮੰਤ੍ਰ ਪੜ੍ਹਦਾ ਹੈ । ਸੂਰਜ ਵੱਲ ਮੂੰਹ ਕਰਕੇ ਪਾਣੀ ਦੀਆਂ ਚੁਲੀਆਂ ਭੀ ਭੇਟਾ ਕੀਤੀਆਂ ਜਾਂਦੀਆਂ ਹਨ, ਉਹ ਉਸ ਵਿਛੜੀ ਰੂਹ ਲਈ ਖੁਰਾਕ ਭੇਜੀ ਜਾਂਦੀ ਹੈ ।

ਘਰੋਂ ਤੁਰ ਕੇ ਮਸਾਣਾਂ ਤੋਂ ਉਰੇ ਅੱਧਵਾਟੇ (ਅੱਧ-ਮਾਰਗ) ਮਿਰਤਕ ਦਾ ਫਟਾ ਭੁੰਜੇ ਰੱਖ ਦਿੱਤਾ ਜਾਂਦਾ ਹੈ । ਘਰੋਂ ਤੁਰਨ ਲੱਗਿਆਂ ਮਿੱਟੀ ਦਾ ਇੱਕ ਕੋਰਾ ਭਾਡਾਂ ਨਾਲ ਲੈ ਲੈਂਦੇ ਹਨ। ਉਸ ਅੱਧ ਮਾਰਗ ਤੇ ਉਹ ਭਾਂਡਾਂ ਭੰਨ ਦਿੰਦੇ ਹਨ ਅਤੇ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਬਹੁਤ ਉਚੀ ਡਰਾਉਣੀ ਆਵਾਜ਼ ਵਿੱਚ ਢਾਹ ਮਾਰਦਾ ਹੈ । ਇਸ ਰਸਮ ਦੇ ਹੇਠ ਖਿਆਲ ਇਹ ਹੈ ਕਿ ਮਿਰਤਕ ਦੀ ਆਤਮਾ ਸਰੀਰਕ ਮੋਹ ਕਰਕੇ ਅਜੇ ਉਸ ਮੁਰਦੇ ਦੇ ਦੁਆਲੇ ਹੀ ਭੌਂਦੀ ਫਿਰਦੀ ਹੈ । ਇਸ ਭਿਆਨਕ ਢਾਹ ਨਾਲ ਉਸ ਨੂੰ ਡਰਾਂਦੇ ਹਨ ਕਿ ਚਲੀ ਜਾਏ ।

ਸਸਕਾਰ ਕਰਨ ਵੇਲੇ ਬ੍ਰਾਹਮਣ ਫਿਰ ਕੁਝ ਮੰਤ੍ਰ ਪੜਦਾ ਹੈ । ਸਸਕਾਰ ਤੋਂ ਪਿਛੋਂ ਬਚ ਰਹੀਆਂ ਹੱਡੀਆਂ (ਅਸਥੀਆਂ) ਹਰਿਦੁਆਰ ਗੰਗਾ ਨਦੀ ਵਿੱਚ ਪਾਈਆਂ ਜਾਂਦੀਆਂ ਹਨ । ਹਿੰਦੂ ਖਿਆਲ ਅਨੁਸਾਰ ਜਿਸ ਦੀਆਂ ਅਸਥੀਆਂ ਗੰਗਾ ਵਿੱਚ ਨਾ ਪੈਣ, ਉਸਦੀ ਗਤੀ ਨਹੀਂ ਹੁੰਦੀ ।

ਮਰਨ ਪਿੱਛੋਂ ੧੩ ਦਿਨਾਂ ਤੱਕ ਪ੍ਰਾਣੀ ਦੀ ਆਤਮਾ ਪ੍ਰੇਤ ਬਣੀ ਰਹਿੰਦੀ ਹੈ ਅਤੇ ਆਪਣੇ ਘਰਾਂ ਦੇ ਦੁਆਲੇ ਹੀ ਭੌਂਦੀ ਰਹਿੰਦੀ ਹੈ ਜਿਨ੍ਹਾਂ ਦਾ ਕੋਈ ਮਰਦਾ ਹੈ ਉਹਨਾਂ ਦੇ ਸ਼ਰੀਕੇ ਬਰਾਦਰੀ ਦੇ ਘਰਾਂ ਵਿਚੋਂ ਜ਼ਨਾਨੀਆਂ ਮਰਦ ਰਾਤ ਨੂੰ ਆ ਕੇ ਸੌਂਦੇ ਹਨ । ਸਵੇਰੇ ਪਹਿਰ ਰਾਤ ਰਹਿੰਦੀ ਹੀ ਮਰੇ ਪ੍ਰਾਣੀ ਦਾ ਪੁੱਤਰ ਆਦਿਕ ਉੱਠ ਕੇ ਢਾਹ ਮਾਰਦਾ ਹੈ । ੧੩ ਦਿਨ ਹਰ ਸਵੇਰੇ ਇਹੀ ਕੁਝ ਹੁੰਦਾ ਹੈ ਇਹ ਵੀ ਮਿਰਤਕ ਦੀ ਆਤਮਾ ਨੂੰ ਡਰਾਣ ਵਾਸਤੇ ਕੀਤਾ ਜਾਂਦਾ ਹੈ ।

(ਨੋਟ– ਜਿਉ ਜਿਉ ਲੋਕ ਵਿਦਿਆ ਦੇ ਚਾਨਣ ਵਿੱਚ ਸਿਆਣੇ ਹੁੰਦੇ ਜਾ ਰਹੇ ਹਨ ਇਹ ਢਾਹਾਂ ਮਾਰਨ ਵਾਲੀ ਰਸਮ ਹਟਦੀ ਜਾ ਰਹੀ ਹੈ)

ਤੇਰ੍ਹਵੇਂ ਦਿਨ ਮਿਰਤਕ ਦੀ ਕਿਰਿਆ ਕੀਤੀ ਜਾਂਦੀ ਹੈ । ਅਚਾਰਜ ਪੰਡਤ ਆ ਕੇ ਇਹ ਰਸਮ ਕਰਾਂਦਾ ਹੈ । ਇਹ ਮਰਿਆਦਾ ਵਿਛੜੀ ਆਤਮਾ ਨੂੰ ਪ੍ਰੇਤ ਜੂਨ ਵਿਚੋਂ ਕੱਢ ਕੇ ਪਿੱਤਰ ਲੋਕ ਤੱਕ ਅਪੜਾਣ ਵਾਸਤੇ ਕੀਤੀ ਜਾਂਦੀ ਹੈ ।

ਤੇਰ੍ਹਵੇਂ ਦਿਨ ਦੀ ਕਿਰਿਆ ਤੋਂ ਬਾਅਦ ਪ੍ਰਾਣੀ ਦੀ ਆਤਮਾ ਪਿੱਤਰ-ਲੋਕ ਵੱਲ ਯਾਤਰਾ ਅਰੰਭ ਕਰ ਦਿੰਦੀ ਹੈ । ਗਰੁੜ ਪੁਰਾਣ ਅਨੁਸਾਰ ਪਿੱਤਰ ਲੋਕ ਅਪੜਨ ਵਾਸਤੇ ੮੮,੦੦੦ ਜੋਜਨ (ਇਕ ਜੋਜਨ-ਚਾਰ ਕੋਹ ਸਾਢੇ ਪੰਜ ਮੀਲ) ਲੰਬਾ ਰਸਤਾ ਤਹਿ ਕਰਨਾ ਪੈਂਦਾ ਹੈ ਅਤੇ ੩੬੦ ਦਿਨ ਲਗਦੇ ਹਨ । ਬੜਾ ਬਿਖੜਾ ਤੇ ਹਨ੍ਹੇਰਾ ਪੈਂਡਾ ਹੈ । ਰਸਤੇ ਵਿੱਚ ਬਦਬੂਦਾਰ ਵੈਤਰਨੀ ਨਦੀ ਪਾਰ ਕਰਨੀ ਪੈਂਦੀ ਹੈ । ਇਸ ਲਈ ਕਿਰਿਆ ਕਰਨ ਵੇਲੇ ਦੀਵੇ ਜਗਾਉਣੇ ਚਾਹੀਦੇ ਹਨ ਤਾਂ ਜੋ ਮਰੇ ਪ੍ਰਾਣੀ ਨੂੰ ਪਿੱਤਰ ਲੋਕ ਦੇ ਲੰਮੇ ਪੈਂਡੇ (੩੬੦ ਦਿਨ) ਚਾਨਣਾ ਮਿਲਦਾ ਰਹੇ ।

ਇਸ ਤੋਂ ਇਲਾਵਾ ਸ਼ਨਿਚਰ ਦੇਵਤੇ ਦੇ ਮੰਦਰ ਵਿੱਚ ਦਸ ਦਿਨ ਤੱਕ ਹਰ ਰੋਜ ਦੀਵਾ ਜਗਾਉਣਾ ਚਾਹੀਦਾ ਹੈ । ਕਿਰਿਆ ਸਮੇਂ ਅਚਾਰਜੀ ਨੂੰ ੧੩ ਚੀਜਾਂ (ਛੱਤਰੀ, ਸੋਟੀ, ਆਸਣ, ਕਰਮੰਡਲ, ਛਾਪ (ਮੁੰਦਰੀ), ਜੇਨਊ, ਖਿੰਜਾਂ-ਦੰਦ ਸਾਫ ਕਰਨ ਲਈ, ਪਾਣੀ, ਕੱਚਾ ਅੰਨ, ਤੇਲ ਅਤੇ ਬੱਤੀਆਂ, ਦਾਤਨਾਂ, ਭਾਂਡੇ ਬਸਤਰ ਖੜਾਵਾਂ ਆਦਿਕ) ਦਿੱਤੀਆਂ ਜਾਂਦੀਆਂ ਹਨ, ਜੋ ਉਸ ਪ੍ਰਾਣੀ ਦੇ ਪਿੱਤਰ ਲੋਕ ਦੇ ਸਫਰ ਵਿੱਚ ਕੰਮ ਆਉਂਦੀਆਂ ਹਨ । ਕਿਉਕਿ ਰਸਤੇ ਵਿੱਚ ਤ੍ਰੇਹ ਲੱਗਦੀ ਹੈ, ਹਨੇਰਾ ਹੁੰਦਾ ਹੈ, ਇਸ ਲਈ ੩੬੦ ਗੜਵੀ ਪਾਣੀ ਦੀ ਪਿਪਲ ਦੇ ਮੁੱਢ ਵਿੱਚ ਪਾਈ ਜਾਂਦੀ ਹੈ । ਦਲੀਲ ਇਹ ਦਿੰਦੇ ਹਨ ਕਿ ਹਰ ਰੋਜ਼ ਇੱਕ ਪਾਣੀ ਦੀ ਗੜਵੀ ਉਸ ਨੂੰ ਮਿਲਦੀ ਹੈ ਜਿਸ ਨਾਲ ਇਸ਼ਨਾਨ ਕਰਦਾ ਹੈ ਅਤੇ ਪਾਣੀ ਪੀਂਦਾ ਹੈ । ਇਸ ਤੋਂ ਇਲਾਵਾ ਇਹ ਸੰਕਲਪ ਵੀ ਕੀਤਾ ਜਾਂਦਾ ਹੈ ਕਿ ਵੈਤਰਨੀ ਨਦੀ ਨੂੰ ਪਾਰ ਕਰਨ ਹਿੱਤ ਜੇ ਪ੍ਰਾਣੀ ਨਮਿੱਤ ਗਊ ਦਾਨ ਕਰਵਾਈ ਜਾਵੇ ਤਾਂ ਉਸਦੀ ਪੂਛ ਪਕੜ ਕੇ ਪਾਰ ਲੰਘ ਸਕਦਾ ਹੈ ।

ਫਿਰ ਰਸਤੇ ਵਿੱਚ 'ਜਮ' ਜਗਾਤ (Tax) ਮੰਗਦੇ ਹਨ, ਅਤੇ ਪੁੱਛਦੇ ਹਨ ਕਿ ਤੂੰ ਜੋ ਪੁੰਨਦਾਨ ਕੀਤੇ ਹਨ, ਉਹਨਾਂ ਦਾ ਹਿਸਾਬ ਦੇ । ਇਸ ਦੇ ਬਦਲੇ ਕੁਝ ਸਹੂਲਤਾਂ ਮਿਲਦੀਆਂ ਹਨ ।

੧੧ ਮਹੀਨਿਆਂ ਪਿਛੋਂ ਵਰ੍ਹੀਣਾ ਕੀਤਾ ਜਾਂਦਾ ਹੈ । ਇਸ ਤੋਂ ਪਿਛੋਂ ਹਰ ਸਾਲ ਸਰਾਧਾਂ ਦੇ ਦਿਨਾਂ ਵਿੱਚ ਉਸ ਥਿਤ ਤੇ ਬ੍ਰਾਹਮਣਾਂ ਨੂੰ ਭੋਜਨ ਖੁਆਇਆ ਜਾਂਦਾ ਹੈ । ਇਹ ਭੀ ਵਿਛੜੇ ਸਬੰਧੀ ਨੂੰ ਰਾਸ਼ਨ ਅਪਨਾਉਣ ਲਈ ਹੀ ਹੁੰਦਾ ਹੈ ।

ਜੇ ਕੋਈ ਪ੍ਰਾਣੀ ਬਹੁਤ ਵੱਡੀ ਉਮਰ ਦਾ ਹੋ ਕੇ, ਪੋਤਰਿਆ-ਪੜੋਤਿਆਂ ਵਾਲਾ ਹੋ ਜਾਏ ਤਾਂ ਉਸਦਾ ਸਸਕਾਰ ਕਰਨ ਵੇਲੇ ਉਸਦਾ ' ਵੱਡਾ ' ਕਰਦੇ ਹਨ । ਜਿਸ ਫੱਟੇ ਉੱਤੇ ਮੁਰਦਾ ਚੁੱਕ ਕੇ ਲਿਜਾਇਆ ਜਾਂਦਾ ਹੈ ਉਸ ਫੱਟੇ ਨੂੰ ਸੋਹਣੇ ਕੱਪੜਿਆਂ ਅਤੇ ਫੁੱਲਾਂ ਨਾਲ ਸਜਾਉਂਦੇ ਹਨ। ਮੁਰਦਾ ਲੈ ਜਾਣ ਵੇਲੇ ਉਸਦੇ ਉਤੋਂ ਦੀ ਉਸਦੇ ਪੋਤਰੇ, ਪੜੋਤਰੇ ਆਦਿਕ ਛੁਹਾਰੇ, ਮੱਖਣ ਅਤੇ ਪੈਸੇ ਸੁੱਟਦੇ ਹਨ ਅਤੇ ਚਉਰ ਕਰਦੇ ਹਨ । ਇਸ ਰਸਮ ਨੂੰ ' ਬਬਾਣ ' ਕੱਢਣਾ ਆਖਦੇ ਹਨ । ਕਿਰਿਆ ਵਾਲੇ ਦਿਨ ਸਬੰਧੀਆਂ, ਮਿੱਤਰਾਂ ਆਦਿ ਦੀ ਰੋਟੀ ਕੀਤੀ ਜਾਂਦੀ ਹੈ ।

**ਪੁਰਾਣ** :– ਪੁਰਾਣ-ਵਿਆਸ ਰਿਸ਼ੀ ਜਾਂ ਉਸਦੇ ਨਾਮ ਹੇਠ ਵਿਦਵਾਨਾਂ ਦੇ ਲਿਖੇ ਹੋਏ ਇਤਿਹਾਸ ਨਾਲ ਮਿਲੇ ਧਰਮ-ਗਰੰਥ । ਇਹਨਾਂ ਦੀ ਗਿਣਤੀ ੧੮ ਹੈ ਅਤੇ ਸਲੋਕ ਚਾਰ ਲੱਖ । ਵਿਸ਼ਨੂੰ ਪੁਰਾਣ ਅਨੁਸਾਰ ਪੁਰਾਣ ਦੇ ਲੱਛਣ ਇਹ ਹਨ- ਜਗਤ ਦੀ ਉਤਪਤੀ ਤੇ ਪ੍ਰਲੈ, ਦੇਵਤੇ ਅਤੇ ਪਿਤਰਾਂ ਦੀ ਬੰਸਾਵਲੀ, ਮਨੂ ਦੇ ਰਾਜ ਦਾ ਸਮਾਂ ਅਤੇ ਉਸਦਾ ਹਾਲ, ਸੂਰਜ ਅਤੇ ਚੰਦ੍ਰਵੰਸ ਦੀ ਕਥਾ ਜਿਸ ਵਿੱਚ ਇਹ ਪੰਜ ਪ੍ਰਸੰਗ ਹੋਣ, ਉਹ ਪੁਰਾਣ ਹੈ ।

**੧੮ ਪੁਰਾਣ ਇਹ ਹਨ–**

ਵਿਸ਼ਨੂੰ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ,
ਮਾਰਕੰਡੇਯ, ਅਗਨਿ, ਬ੍ਰਹਮਵੈਵਰਤ, ਲਿੰਗ, ਵਾਰਾਹ, ਸਕੰਦ,
ਵਾਮਨ, ਕੂਰਮ, ਮਸਤਯ, ਗਰੁੜ, ਬ੍ਰਹਮਾਂਡ, ਭਵਿਖਯ ।

## ਗਰੁੜ–ਪੁਰਾਣ

ਹਿੰਦੂ ਮੰਨਦੇ ਹਨ ਕਿ ਹਰੇਕ ਦੇਵਤੇ ਦਾ ਕੋਈ ਉਚੇਚਾ ਅਵਾਹਨ (ਸਵਾਰੀ) ਹੈ । ਜਿਵੇਂ, ਗਣੇਸ਼ ਦੀ ਸਵਾਰੀ ਚੂਹਾ, ਬ੍ਰਹਮਾ ਦੀ ਸਵਾਰੀ ਹੰਸ, ਸ਼ਿਵ ਦੀ ਸਵਾਰੀ ਬੈਲ । ਇਸੇ ਤਰ੍ਹਾਂ ਗਰੁੜ, ਵਿਸ਼ਨੂੰ ਦੀ ਸਵਾਰੀ ਮੰਨਿਆ ਜਾਂਦਾ ਹੈ ।

ਗਰੁੜ ਪੁਰਾਣ ਵਿੱਚ ਵਿਸ਼ਨੂੰ ਆਪਣੇ ਅਵਾਹਨ ਗਰੁੜ ਨੂੰ ਜਮ-ਮਾਰਗ ਦਾ ਹਾਲ ਸੁਣਾਂਦਾ ਹੈ, ਤੇ ਆਖਦਾ ਹੈ ।

" ਮਰਨ ਪਿਛੋਂ ਜੀਵ ਪ੍ਰੇਤ ਜੂਨ ਪ੍ਰਾਪਤ ਕਰਦਾ ਹੈ ਅਤੇ ਇਸਦਾ ਸਰੀਰ ਅੰਗੂਠੇ ਜਿਤਨਾ ਹੋ ਜਾਂਦਾ ਹੈ । ਮਰੇ ਪ੍ਰਾਣੀ ਵਾਸਤੇ ਪਿੰਡ ਭਰਾਣੇ ਜ਼ਰੂਰੀ ਹਨ । ਇਨ੍ਹਾਂ ਦੀ ਸਹਾਇਤਾ ਨਾਲ ਪ੍ਰੇਤ ਦਾ ਸਰੀਰ ਦਸ ਦਿਨਾਂ ਵਿੱਚ ਹੱਥ ਭਰ ਬਣ ਜਾਂਦਾ ਹੈ । ਜਦੋਂ ਪ੍ਰਾਣੀ ਮਰਨ ਲੱਗੇ ਤਾਂ ਉਸ ਨੂੰ ਇਸ਼ਨਾਨ ਅਤੇ ਸਾਲਗਰਾਮ ਦੀ ਪੂਜਾ ਕਰਨੀ ਚਾਹੀਦੀ ਹੈ । ਸਾਲਗਰਾਮ ਸਾਰੇ ਪਾਪਾਂ ਦਾ ਨਾਸ਼ ਕਰਦਾ ਹੈ । ਜੇ ਮਰਨ ਵੇਲੇ ਪ੍ਰਾਣੀ ਦੇ ਮੂੰਹ ਵਿੱਚ ਸਾਲਗਰਾਮ ਦਾ ਚਰਨਾਮ੍ਰਿਤ ਪਏ ਤਾਂ ਉਸਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ ।

ਜਿਵੇਂ ਰੂੰ ਦੇ ਢੇਰ ਅੱਗ ਦੀ ਇੱਕ ਚਿਣਗ ਨਾਲ ਸੜਕੇ ਸੁਆਹ ਹੋ ਜਾਂਦੇ ਹਨ, ਤਿਵੇਂ ਮਰਨ ਵੇਲੇ ਪ੍ਰਾਣੀ ਲਫ਼ਜ ' ਗੰਗਾ ' ਆਖਣ ਨਾਲ ਹੀ ਮੁਕਤ ਹੋ ਜਾਂਦਾ ਹੈ ।

ਪ੍ਰੇਤ-ਕਰਮ ਕਰਵਾਣ ਲਈ ਮਰੇ ਪ੍ਰਾਣੀ ਦੇ ਸਸਕਾਰ ਤੋਂ ਪਹਿਲਾਂ ਉਸਦਾ ਪੁੱਤਰ ਤੇ ਹੋਰ ਨਜ਼ਦੀਕੀ ਸਬੰਧੀ ਮੁੰਡਣ ਕਰਾਣ । ਇਹ ਅੱਤ ਜਰੂਰੀ ਹੈ । ਪ੍ਰੇਤ ਦੀ ਖਾਤਰ ਮੰਤਰ ਪੜ੍ਹ ਕੇ ਤਿਲ ਅਤੇ ਘਿਉ ਦੀ ਆਹੂਤੀ ਦੇਣੀ ਚਾਹੀਦੀ ਹੈ ਅਤੇ ਬਹੁਤ ਰੋਣਾ ਚਾਹੀਦਾ ਹੈ । ਅਜਿਹਾ ਕਰਨ ਨਾਲ ਮਰੇ ਪ੍ਰਾਣੀ ਨੂੰ ਸੁਖ ਹੁੰਦਾ ਹੈ ।

ਯਾਰਾਂ ਦਿਨ (ਰਾਤ-ਦਿਨ) ਹਰ ਵੇਲੇ ਦੀਵਾ ਜਗਦਾ ਰਹਿਣਾ ਚਾਹੀਦਾ ਹੈ । ਇਸ ਦੀਵੇ ਨਾਲ ਜਮ-ਮਾਰਗ ਵਿੱਚ ਚਾਨਣ ਹੁੰਦਾ ਹੈ ।

ਪ੍ਰੇਤ ਕਰਮ ਕਰਨ ਨਾਲ ਪ੍ਰਾਣੀ ਦਸ ਦਿਨਾਂ ਵਿੱਚ ਹੀ ਸਾਰੇ ਪਾਪਾਂ ਤੋਂ ਛੁਟਕਾਰਾ ਪਾ ਲੈਂਦਾ ਹੈ । ਗਰੁੜ ਪੁਰਾਣ ਨੂੰ ਸੁਨਣ ਤੇ ਸੁਨਾਣ ਵਾਲੇ ਪਾਪਾਂ ਤੋਂ ਮੁਕਤ ਹੋ ਜਾਂਦੇ ਹਨ । ਇਸ ਪੁਰਾਣ ਦੇ ਵਾਚਣ ਵਾਲੇ ਪੰਡਿਤ ਨੂੰ ਕੱਪੜੇ, ਗਹਿਣੇ, ਗਊ, ਅੰਨ, ਸੋਨਾ ਜਮੀਨ ਆਦਿਕ ਸਭ ਕੁਝ ਦਾਨ ਕਰਨਾ ਚਾਹੀਦਾ ਹੈ, ਨਹੀਂ ਤਾਂ ਫਲਾਂ ਦੀ ਪ੍ਰਾਪਤੀ ਨਹੀਂ ਹੁੰਦੀ । ਕਥਾ ਸੁਨਾਣ ਵਾਲਾ ਜੇ ਪ੍ਰਸੰਨ ਹੋ ਜਾਵੇ ਤਾਂ ਹੇ ਗਰੁੜ ! ਦਾਨ ਕਰਨ ਵਾਲੇ ਉੱਤੇ ਮੈਂ ਭੀ ਪ੍ਰਸੰਨ ਹੋ ਜਾਂਦਾ ਹਾਂ ।

# ਸਦੁ ਬਾਣੀ ਬਾਰੇ ਭੁਲੇਖੇ

ਇਸ ਬਾਣੀ ਵਿੱਚ ਆਏ ਕਈ ਲਫ਼ਜਾਂ ਦੇ ਗਲਤ ਅਰਥ ਕੀਤੇ ਜਾਂਦੇ ਹਨ ਕਿਉਕਿ ਅਰਥ ਕਰਨ ਵਾਲੇ ਗਿਆਨੀ ਅਤੇ ਕਈ ਟੀਕਾਕਾਰ ਗੁਰਬਾਣੀ ਵਿਆਕਰਣ ਅਤੇ ਗੁਰਮਤਿ ਵਿਚਾਰਧਾਰਾ ਤੋਂ ਸੱਖਣੇ ਹਨ ।

ਉਪਰੋਕਤ ਕਿਸਮਾਂ ਦੇ ਗਿਆਨੀਆਂ ਦੁਆਰਾ 'ਕੇਸੋ ਗੋਪਾਲ ਪੰਡਿਤ', 'ਹਰਿ ਸਰਿ, 'ਪਿੰਡ-ਪਤਲ', 'ਪੁਰਾਣ', 'ਕਿਰਿਆ', 'ਦੀਵਾ', 'ਫੁਲ', 'ਬੇਬਾਣੁ' ਆਦਿ ਦੇ ਗਲਤ ਅਰਥ ਕਰਨ ਕਰਕੇ ਹੀ ਬਹੁਤ ਸਾਰੇ ਭੁਲੜ ਸਿੱਖ ਸਦੁ ਬਾਣੀ ਦਾ ਪਾਠ ਕਰਨ ਪਿਛੋਂ ਵੀ ਬ੍ਰਾਹਮਣੀ ਮਰਿਆਦਾ ਮ੍ਰਿਤਕ ਲਈ ਕਰਦੇ ਹਨ । ਪਰ ਸੋਝੀ ਰੱਖਦੇ ਕਈ ਸੱਜਣ ਵੀ ਆਪਣੀ ਪੁਜੀਸ਼ਨ ਖਰਾਬ ਹੋਣ ਜਾਂ ਲੋਕ-ਲਾਜ ਤੋਂ ਘਬਰਾਉਂਦੇ ਹੋਏ ਗੁਰੂ ਉਪਦੇਸ਼ਾਂ ਨਾਲ ਅਨਿਆ ਕਰਦੇ ਹਨ । ਯਾਦ ਰੱਖਣਾ ਚਾਹੀਦਾ ਹੈ ਕਿ ਨਿਜੀ ਪੁਜੀਸ਼ਨ ਦੇ ਬਦਲੇ ਗੁਰੂ ਉਪਦੇਸ਼ ਅਤੇ ਗੁਰਮਤਿ ਅਸੂਲਾਂ ਦੀ ਖੇਹ-ਖਥੜੀ ਨਹੀਂ ਉਡਾਣੀ ਚਾਹੀਦੀ ।

ਗੁਰਸਿੱਖ ਲਈ ਦੋ ਚੀਜ਼ਾਂ ਬਹੁਤ ਜ਼ਰੂਰੀ ਹਨ- 'ਸ਼ਰਧਾ' ਅਤੇ 'ਸੂਝ' । ਇਕ ਉਹ ਹਨ ਜਿਨ੍ਹਾਂ ਵਿੱਚ 'ਸ਼ਰਧਾ' ਹੈ 'ਸੂਝ' ਨਹੀਂ । ਉਹ ਪ੍ਰਾਣੀ ਲੰਬੇ ਲੰਬੇ ਮੱਥੇ ਟੇਕੇਗਾ, ਪਾਵੇ ਘੁੱਟੇਗਾ, ਪਤਰਿਆਂ ਤੇ ਹੱਥ ਫੇਰੇਗਾ, ਰੁਮਾਲ ਚੁੱਕ ਕੇ ਸ਼ਬਦ ਵੇਖ ਕੇ ਹੀ ਘਰ ਪੂਰਾ ਕਰ ਲਵੇਗਾ। ਪਰ ਗੁਰੂ ਬਾਬੇ ਦਾ ਸਪਸ਼ਟ ਫੁਰਮਾਨ ਹੈ-

**ਸਤਿਗੁਰ ਨੋ ਸਭੁ ਕੋ ਵੇਖਦਾ, ਜੇਤਾ ਜਗਤੁ ਸੰਸਾਰ ॥**
**ਡਿਠੇ ਮੁਕਤਿ ਨ ਹੋਵਈ, ਜਿਚਰੁ ਸਬਦਿ ਨ ਕਰੇ ਵੀਚਾਰ ॥**

(ਵਾਰ ਵਡਹੰਸ ਮ. ੩-ਪ੫੪)

ਫਿਰ ਜਿਸ ਨੇ ਜਿਧਰ ਲਾਇਆ ਉਧਰ ਲਗ ਜਾਵੇਗਾ, ਭਾਂਤ ਭਾਂਤ ਦੇ ਗੁਰੂਆਂ ਅਤੇ ਸਾਧਾਂ ਸੰਤਾਂ ਦੀ ਜੂਠ ਨੂੰ ਵੀ ਖਾਵੇਗਾ । ਦੂਜੇ ਉਹ ਹਨ, ਜਿਨ੍ਹਾਂ ਵਿੱਚ 'ਸੂਝ' ਹੈ ਪਰ 'ਸ਼ਰਧਾ' ਨਹੀਂ, ਚੁੰਚ ਗਿਆਨੀ ਬਣ ਜਾਵੇਗਾ, ਪਾਖੰਡੀ ਗੁਰੂ ਬਣ ਬੈਠੇਗਾ ਅਤੇ ਲੋਕਾਂ ਨੂੰ ਗਲਤ ਰਸਤੇ ਪਾ

ਕੇ ਆਪਣਾ ਉੱਲੂ ਸਿੱਧਾ ਕਰੇਗਾ, ਭਾਂਤ ਭਾਂਤ ਦੇ ਢੌਂਗ ਤੇ ਚੋਚਲੇ ਕਰੇਗਾ ਅਤੇ ਚੇਲੇ ਚੇਲੀਆਂ ਬਣਾਵੇਗਾ । ਇਸ ਤੋਂ ਇਲਾਵਾ ਤੀਜੀ ਤਰ੍ਹਾਂ ਦੇ ਬੰਦੇ ਨਾ ਸੂਝ ਤੋਂ ਕੰਮ ਲੈਣ ਨੂੰ ਤਿਆਰ ਹਨ, ਨਾ ਹੀ ਸ਼ਰਧਾ ਰੱਖਦੇ ਹਨ, ਉਹ ' ਗੁਰਸਿੱਖ ' ਕਹਿਲਾਉਣ ਦੇ ਹੀ ਹੱਕਦਾਰ ਨਹੀਂ । ਇਸ ਕਰਕੇ ਗੁਰਸਿੱਖ ਅਰਦਾਸ ਵਿੱਚ ' ਬਿਬੇਕ ਦਾਨ ਅਤੇ ਭਰੋਸਾ ਦਾਨ ' ਦੀ ਮੰਗ ਕਰਦਾ ਹੈ ।

ਸੋ ਇਥੇ ਇਹ ਵਿਚਾਰ ਕਰਨੀ ਹੈ ਕਿ ਜਿਸ ਸਦੁ ਬਾਣੀ ਦਾ ਅਸੀ ਪਾਠ ਕਰ ਰਹੇ ਹਾਂ ਅਤੇ ਜੋ ਉਪਦੇਸ਼ ਦ੍ਰਿੜਾਏ ਗਏ ਹਨ, ਕੀ ਅਸੀ ਪੜ੍ਹ ਪੜ੍ਹ ਕੇ ਐਵੇਂ ਤਾਂ ਨਹੀਂ ਗਵਾ ਰਹੇ ? ਉਪਦੇਸ਼ ਨੂੰ ਵਰਤੋਂ ਵਿੱਚ ਵੀ ਲਿਆ ਰਹੇ ਹਾਂ, ਜਾਂ ਨਹੀਂ । ਸਾਰੀ ਗੱਲ ਸਮਝ ਕੇ ਵੀ ਜੇ ਅਸੀ ਹਿੰਦੂ ਪ੍ਰਵਾਰ ਵਿੱਚ ਪ੍ਰਚਲਿਤ ਬ੍ਰਾਹਮਣੀ ਕਿਰਿਆ ਦੀ ਰਸਮ ਹੀ ਕਰ ਰਹੇ ਹਾਂ , ਅਤੇ ਭਾਂਡੇ, ਲੇਫ ਤੁਲਾਈਆਂ ਅਤੇ ਫਰੂਟ ਦੇ ਟੋਕਰੇ (ਭਾਵੇਂ ਕੁਝ ਬਹਾਨੇ ਕਰ ਕੇ ਹੀ) ਪ੍ਰਾਣੀ ਨਮਿੱਤ ਰੱਖ ਰਹੇ ਹਾਂ, ਤਾਂ ਇਹ ਗੁਰੂ ਦੀ ਬਹੁਤ ਭਾਰੀ ਨਿਰਾਦਰੀ ਕਰ ਰਹੇ ਹਾਂ ।

' ਸਦੁ ' ਬਾਣੀ ਗੁਰੂ ਅਮਰਦਾਸ ਜੀ ਦੀ ਵਸੀਅਤ ਹੈ ਕਿ ਮੇਰੇ ਪਿਛੋਂ ਉਹ ਕਰਮ-ਕਾਂਡ ਤੇ ਕਿਰਿਆ ਨਹੀ ਕਰਨੀ, ਜੋ ਅਚਾਰਜੀ ਲੋਕ, ਹਿੰਦੂ ਘਰਾਂ ਵਿੱਚ ਕਰਦੇ ਹਨ । ਇਸ ਵਿੱਚ ਇਹ ਬਿਆਨ ਕੀਤਾ ਹੈ ਕਿ ਮੇਰੀ ਕਿਰਿਆ ਆਦਿ ਸਭ ਕੁਝ ਹਰੀ ਦਾ ਜੱਸ ਜਾਂ ਕੀਰਤੀ ਕਰਨਾ ਹੀ ਹੈ, ਭਾਵ - ਮੈਂ ਹਰੀ ਦੇ ਨਾਮ ਤੋਂ ਇਹ ਸਭ ਕਰਮ-ਕਿਰਿਆ, ਪਿੰਡ, ਪੱਤਲ, ਦੀਵਾ, ਫੁੱਲ ਚੁਗਣਾ, ਆਦਿ ਵਾਰਦਾ ਹਾਂ, ਮੈਨੂੰ ਇਹਨਾਂ ਦੀ ਲੋੜ ਨਹੀਂ ।

ਗੁਰੂ ਕੇ ਸਿੱਖਾਂ ਨੂੰ ਗੁਰਮਤਿ ਦ੍ਰਿੜ ਕਰਾਉਣ ਲਈ ਅਤੇ ਕੁਰਾਹੇ ਪਈ ਲੋਕਾਈ ਨੂੰ ਗੁਰਮਤਿ ਸਮਝਾਉਣ ਲਈ ਇਸ ਤੋਂ ਪਹਿਲਾਂ ੧੫੦੯ ਈ. ਵਿੱਚ ਗੁਰੂ ਨਾਨਕ ਸਾਹਿਬ ਨੇ ਗਯਾ ਵਿਖੇ ਆਪਣੇ ਪਹਿਲੇ ਪ੍ਰਚਾਰਕ ਦੌਰੇ ਸਮੇਂ ਪਾਂਡਿਆਂ ਨੂੰ ਉਪਦੇਸ਼ ਦਿੱਤਾ ਸੀ । ਗੁਰੂ ਸਾਹਿਬ ਨੇ ਬ੍ਰਾਹਮਣ ਮਤ ਵੱਲੋਂ ਕੀਤੇ ਜਾ ਰਹੇ ਇਹਨਾਂ ਕਰਮ ਕਾਂਡਾਂ ਦਾ ਭਰਵਾਂ ਖੰਡਨ ਇਉਂ ਕੀਤਾ ਸੀ -

**ਦੀਵਾ ਮੇਰਾ ਏਕੁ ਨਾਮੁ, ਦੁਖੁ, ਵਿਚਿ ਪਾਇਆ ਤੇਲੁ ॥**
**ਉਨਿ ਚਾਨਣਿ ਓਹੁ ਸੋਖਿਆ, ਚੂਕਾ ਜਮ ਸਿਉ ਮੇਲੁ ॥੧॥**
**ਲੋਕਾ ਮਤ ਕੋ ਫਕੜਿ ਪਾਇ ॥**
**ਲਖ ਮੜਿਆ ਕਰਿ ਏਕਠੇ, ਏਕ ਰਤੀ ਲੇ ਭਾਹਿ ॥੧॥ ਰਹਾਉ ॥**
**ਪਿੰਡੁ ਪਤਲਿ ਮੇਰੀ ਕੇਸਉ, ਕਿਰਿਆ ਸਚੁ ਨਾਮੁ ਕਰਤਾਰੁ ॥**
**ਐਥੈ ਓਥੈ ਆਗੈ ਪਾਛੈ, ਏਹੁ ਮੇਰਾ ਆਧਾਰੁ ॥੨॥**
**ਗੰਗ ਬਨਾਰਸਿ ਸਿਫਤਿ ਤੁਮਾਰੀ, ਨਾਵੈ ਆਤਮ ਰਾਉ ॥**
**ਸਚਾ ਨਾਵਣੁ ਤਾਂ ਥੀਐ, ਜਾਂ ਅਹਿਨਿਸ ਲਾਗੈ ਭਾਉ ॥੩॥**
**ਇਕ ਲੋਕੀ ਹੋਰੁ ਛਮਿਛਰੀ, ਬ੍ਰਾਹਮਣੁ ਵਟਿ ਪਿੰਡੁ ਖਾਇ ॥**
**ਨਾਨਕ ਪਿੰਡੁ ਬਖਸੀਸ ਕਾ, ਕਬਹੂੰ ਨਿਖੂਟਸਿ ਨਾਹਿ ॥੪॥**

(ਆਸਾ ਮਹਲਾ ੧-ਪੰਨਾ ੩੫੮)

**ਪਦ-ਅਰਥ-** ਸੋਖਿਆ-ਸੁੱਕ ਜਾਂਦਾ ਹੈ, ਮੁਕ ਜਾਂਦਾ ਹੈ । ਫਕੜਿ-ਮਖੌਲ । ਮੜਿਆ-ਢੇਰ। ਭਾਹਿ-ਅੱਗ । ਕੇਸਉ-ਪਰਮਾਤਮਾ । ਆਧਾਰ-ਆਸਰਾ । ਨਾਵੈ-ਇਸ਼ਨਾਨ ਕਰਦਾ

ਹੈ । ਆਤਮ ਰਾਉ- ਜਿੰਦ, ਜੀਵਾਤਮਾ । ਅਹਿਨਿਸ-ਦਿਨ ਰਾਤ । ਲੋਕੀ-ਦੇਵ ਲੋਕ ਦੇ ਰਹਿਣ ਵਾਲੇ ਦੇਵਤੇ । ਛਮਿਛਰੀ-ਪਿਤਰ । ਵਟਿ-ਵੱਟ ਕੇ । ਨਿਖੁਟਸਿ-ਮੁੱਕਦਾ ।

**ਅਰਥ–** ਮੇਰੇ ਵਾਸਤੇ ਪਰਮਾਤਮਾ ਦਾ ਨਾਮ ਦੀਵਾ ਹੈ ਜੋ ਮੇਰੀ ਜਿੰਦਗੀ ਦੇ ਰਸਤੇ ਵਿੱਚ ਆਤਮਕ ਰੌਸ਼ਨੀ ਕਰਦਾ ਹੈ, ਉਸ ਦੀਵੇ ਵਿੱਚ ਮੈਂ ਦੁਨੀਆਂ ਵਿੱਚ ਵਿਆਪਣ ਵਾਲਾ ਦੁਖ ਰੂਪ ਤੇਲ ਪਾਇਆ ਹੋਇਆ ਹੈ । ਉਸ ਆਤਮਕ ਚਾਨਣ ਲਈ ਉਹ ਦੁਖ ਰੂਪ ਤੇਲ ਸੜਦਾ ਜਾਂਦਾ ਹੈ ਤੇ ਜਮ ਨਾਲ ਮੇਰਾ ਵਾਹ ਭੀ ਨਹੀ ਪੈਂਦਾ ।੧।।

ਹੇ ਲੋਕੋ ! ਮੇਰੀ ਗੱਲ ਦਾ ਮਖੌਲ ਨਾ ਉਡਾਓ । ਲੱਖਾਂ ਮਣਾਂ ਲੱਕੜਾਂ ਦੇ ਢੇਰ ਇਕੱਠੇ ਕਰ ਕੇ ਇਕ ਰਤੀ ਜਿਤਨੀ ਅੱਗ ਦੇਈਏ ਤਾਂ ਉਹ ਸਾਰੇ ਢੇਰ ਸੁਆਹ ਹੋ ਜਾਂਦੇ ਹਨ, ਤਿਵੇਂ ਜਨਮਾਂ-ਜਨਮਾਂਤਰਾਂ ਦੇ ਪਾਪਾਂ ਨੂੰ ਇੱਕ ਨਾਮ ਮੁਕਾ ਦੇਂਦਾ ਹੈ ।੧।। ਰਹਾਉ ।।

ਪੱਤਲਾਂ ਉੱਤੇ ਪਿੰਡ ਭਰਾਣੇ (ਮਣਸਾਣੇ) ਮੇਰੇ ਵਾਸਤੇ ਪਰਮਾਤਮਾ ਦਾ ਨਾਮ ਹੀ ਹੈ, ਮੇਰੇ ਵਾਸਤੇ ਕਿਰਿਆ ਦੀ ਰਸਮ ਭੀ ਕਰਤਾਰ ਦਾ ਸੱਚਾ ਨਾਮ ਹੈ । ਇਹ ਨਾਮ ਇਸ ਲੋਕ ਵਿੱਚ ਅਤੇ ਪਰਲੋਕ ਵਿੱਚ ਹਰ ਥਾਂ ਮੇਰੀ ਜਿੰਦਗੀ ਦਾ ਆਸਰਾ ਹੈ । ਐ ਬ੍ਰਾਹਮਣ, ਮੈਂ ਤੇਰੇ ਦਸੇ ਪਿੰਡ ਭਰਾਉਣੇ ਕਰਮ ਨੂੰ ਕੀ ਸਮਝਦਾ ਹਾਂ, ਇਹ ਤਾਂ ਸਭ ਝੂਠ ਹਨ ।੨।।

ਤੁਸੀਂ ਗੰਗਾ ਆਦਿ ਨਦੀਆਂ ਅਤੇ ਕਾਂਸ਼ੀ (ਬਨਾਰਸ) ਉਪਰ ਜਾ ਕੇ ਇਸ਼ਨਾਨ ਕਰਨ ਨੂੰ ਦੱਸਦੇ ਹੋ, ਪਰ ਮੈਂ ਤਾਂ ਇਸ ਵਿੱਚ ਵਿਸ਼ਵਾਸ਼ ਨਹੀ ਰੱਖਦਾ ਕਿਉਂਕਿ ਪ੍ਰਭੂ ਦੀ ਸਿਫਤ ਸਾਲਾਹ ਹੀ ਮੇਰੇ ਵਾਸਤੇ ਗੰਗਾ ਅਤੇ ਕਾਂਸ਼ੀ ਆਦਿਕ ਤੀਰਥਾਂ ਦਾ ਇਸ਼ਨਾਨ ਹੈ ਜਿਸ ਵਿੱਚ ਮੇਰੀ ਆਤਮਾ ਇਸ਼ਨਾਨ ਕਰਦੀ ਹੈ । ਸੱਚਾ ਇਸ਼ਨਾਨ ਹੈ ਹੀ ਤਦੋਂ, ਜਦੋਂ ਦਿਨ ਰਾਤ ਪ੍ਰਭੂ ਚਰਨਾਂ ਨਾਲ ਪ੍ਰੇਮ ਬਣਿਆ ਰਹੇ ।੩।।

ਬ੍ਰਾਹਮਣ ਜੌਂਵਾਂ ਜਾਂ ਚੌਲਾਂ ਦੇ ਆਟੇ ਦੇ ਪੇੜੇ ਵੱਟ ਕੇ ਇੱਕ ਪੇੜਾ ਦੇਵਤਿਆਂ ਨੂੰ ਭੇਟ ਕਰਦਾ ਹੈ ਅਤੇ ਦੂਜਾ ਪੇੜਾ ਪਿੱਤਰਾਂ ਨੂੰ । ਪੇੜਾ ਵੱਟਣ ਤੋਂ ਪਿਛੋਂ ਉਹ ਆਪ ਖੀਰ ਪੂਰੀ ਆਦਿਕ ਜਜਮਾਨਾਂ ਦੇ ਘਰੋਂ ਖਾਂਦਾ ਹੈ । ਪਰ ਹੇ ਨਾਨਕ ! ਬ੍ਰਾਹਮਣ ਦੀ ਰਾਹੀ ਦਿੱਤਾ ਹੋਇਆ ਇਹ ਪੇੜਾ ਕਦ ਤੱਕ ਟਿਕਿਆ ਰਹਿ ਸਕਦਾ ਹੈ ? ਪਰਮਾਤਮਾ ਦੀ ਮੇਹਰ ਦਾ ਪੇੜਾ ਕਦੇ ਮੁੱਕਦਾ ਹੀ ਨਹੀ ।੪।।

ਮਾਝ ਦੀ ਵਾਰ ਵਿੱਚ ਵੀ ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ-

**ਆਇਆ ਗਇਆ ਮੁਇਆ ਨਾਉ ।।**
**ਪਿਛੈ ਪਤਲਿ ਸਦਿਹੁ ਕਾਵ ।।**
**ਨਾਨਕ ਮਨਮੁਖਿ ਅੰਧੁ ਪਿਆਰੁ ।। ਬਾਝੁ ਗੁਰੂ ਡੁਬਾ ਸੰਸਾਰੁ ।।**

(ਮਾਝ ਕੀ ਵਾਰ ਮ: ੧-੧੩੮)

**ਅਰਥ–** ਜੀਵ ਜਗਤ ਵਿੱਚ ਆਇਆ ਅਤੇ ਤੁਰ ਗਿਆ, ਜਗਤ ਵਿੱਚ ਉਸ ਦਾ ਨਾਮ ਭੀ ਭੁੱਲ ਗਿਆ, ਉਸਦੇ ਮਰਨ ਪਿਛੋਂ ਪੱਤਰਾਂ ਉੱਤੇ ਪਿੰਡ ਭਰਾ ਕੇ ਕਾਵਾਂ ਨੂੰ ਹੀ ਸੱਦੀਦਾ ਹੈ, ਉਸ ਜੀਵ ਨੂੰ ਕੁਝ ਨਹੀ ਅਪੜਦਾ ।

ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਮਨ ਦੇ ਪਿਛੇ ਤੁਰਨ ਵਾਲੇ ਮਨੁੱਖ ਦਾ ਜਗਤ ਨਾਲ ਪਿਆਰ ਅੰਨ੍ਹਿਆਂ ਵਾਲਾ ਪਿਆਰ ਹੈ, ਗੁਰੂ ਦੀ ਸ਼ਰਣ ਆਉਣ ਤੋਂ ਬਿਨਾਂ ਜਗਤ ਇਸ ਅੰਨੇ ਪਿਆਰ ਵਿੱਚ ਡੁੱਬ ਰਿਹਾ ਹੈ ।

ਪੰਜਵੇਂ ਪਾਤਸ਼ਾਹ ਜੀ ਨੇ ਵੀ ਸੁਖਮਨੀ ਸਾਹਿਬ ਦੀ ਦੂਜੀ ਅਸ਼ਟਪਦੀ ਵਿੱਚ ਬ੍ਰਾਹਮਣ ਦੇ ਦਿੱਤੇ ਡਰਾਵੇ ਦਾ ਖੰਡਨ ਕੀਤਾ ਹੈ ਅਤੇ ਜਮ ਮਾਰਗ ਵਿੱਚ ਪਹੁੰਚਾਉਣ ਵਾਲੀ ਹਿੰਦੂ ਰੀਤੀ ਦਾ ਖੰਡਨ ਕੀਤਾ ਹੈ, ਅਤੇ ਐਸੇ ਕਰਮ-ਕਾਂਡ ਦੀ ਥਾਂ ਹਰੀ-ਅਕਾਲ ਪੁਰਖ ਦਾ ਓਟ ਆਸਰਾ ਲੈਣਾ ਹੀ ਦੱਸਿਆ ਹੈ । ਯਥਾ-

**ਜਹ ਮਾਤ ਪਿਤਾ ਸੁਤ ਮੀਤ ਨ ਭਾਈ ।।**
**ਮਨ ਊਹਾ ਨਾਮੁ ਤੇਰੈ.ਸੰਗਿ ਸਹਾਈ ।।**
**ਜਹ ਮਹਾ ਭਇਆਨ ਦੂਤ ਜਮ ਦਲੈ ।।**
**ਤਹ ਕੇਵਲ ਨਾਮੁ ਸੰਗਿ ਤੇਰੈ ਚਲੈ ।।**
**ਅਨਿਕ ਪੁਨਹ ਚਰਨ ਕਰਤ ਨਹੀ ਤਰੈ ।।**
**ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ।।**
**ਜਿਹ ਮਾਰਗਿ ਇਹੁ ਜਾਤੁ ਇਕੇਲਾ ।।**
**ਤਹ ਹਰਿ ਨਾਮੁ ਸੰਗਿ ਹੋਤ ਸੁਹੇਲਾ ।।**
**ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ।।**
**ਹਰਿ ਕਾ ਨਾਮੁ ਊਹਾ ਸੰਗਿ ਤੋਸਾ ।।**
**ਜਿਹ ਪੈਡੇ ਮਹਾ ਅੰਧ ਗੁਬਾਰਾ ।।**
**ਹਰਿ ਕਾ ਨਾਮ ਸੰਗਿ ਉਜਿਆਰਾ ।।**
**ਜਹਾ ਪੰਥਿ ਤੇਰਾ ਕੋ ਨ ਸਿਞਾਨੂ ।।**
**ਹਰਿ ਕਾ ਨਾਮ ਤਹ ਨਾਲਿ ਪਛਾਨੂ ।।**
**ਜਹ ਮਹਾ ਭਇਆਨ ਤਪਤਿ ਬਹੁ ਘਾਮ ।।**
**ਤਹ ਹਰਿ ਕੇ ਨਾਮ ਕੀ ਤੁਮ ਊਪਰਿ ਛਾਮ ।।**
**ਜਹ ਤ੍ਰਿਖਾ ਮਨ ਤੁਝੁ ਆਕਰਖੈ ।।**
**ਤਹ ਨਾਨਕ ਹਰਿ ਹਰਿ ਅੰਮ੍ਰਿਤੁ ਬਰਖੈ ।।**

**(ਗਉੜੀ ਸੁਖਮਨੀ ਮ: ੫-੨੬੪)**

ਗੁਰੂ ਅਮਰਦਾਸ ਜੀ ਦਾ ਹੇਠ ਲਿਖਿਆ-ਸ਼ਬਦ ਸਪਸ਼ਟ ਕਰ ਦਿੰਦਾ ਹੈ ਕਿ ਗੁਰੂ ਜੀ ਦੀ ਵਿਚਾਰਧਾਰਾ ਕੀ ਸੀ ?

**ਹਰਿ ਕੀ ਤੁਮ ਸੇਵਾ ਕਰਹੁ, ਦੂਜੀ ਸੇਵਾ ਕਰਹੁ ਨ ਕੋਇ ਜੀ ।।**
**ਹਰਿ ਕੀ ਸੇਵਾ ਤੇ ਮਨਹੁ ਚਿੰਦਿਆ ਫਲੁ ਪਾਈਐ**
**ਦੂਜੀ ਸੇਵਾ ਜਨਮ ਬਿਰਥਾ ਜਾਇ ਜੀ ।।੧।।**

ਹਰਿ ਮੇਰੀ ਪ੍ਰੀਤਿ, ਰੀਤਿ ਹੈ, ਹਰਿ ਮੇਰੀ,
ਹਰਿ ਮੇਰੀ ਕਥਾ ਕਹਾਨੀ ਜੀ ॥
ਗੁਰਪ੍ਰਸਾਦਿ ਮੇਰਾ ਮਨੁ ਭੀਜੈ,
ਏਹਾ ਸੇਵ ਬਨੀ ਜੀਉ ॥੧॥ ਰਹਾਉ ॥
ਹਰਿ ਮੇਰਾ ਸਿਮ੍ਰਿਤ, ਹਰਿ ਮੇਰਾ ਸਾਸਤ੍ਰ,
ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ ॥
ਹਰਿ ਕੀ ਮੈ ਭੂਖ ਲਾਗੈ, ਹਰਿਨਾਮਿ ਮੇਰਾ ਮਨੁ ਤ੍ਰਿਪਤੈ
ਹਰਿ ਮੇਰਾ ਸਾਕੁ, ਅੰਤਿ ਹੋਇ ਸਖਾਈ ॥੨॥
ਹਰਿ ਬਿਨੁ ਹੋਰਿ ਰਾਸਿ ਕੂੜੀ ਹੈ, ਚਲਦਿਆ ਨਾਲਿ ਨ ਜਾਈ ॥
ਹਰਿ ਮੇਰਾ ਧਨੁ ਮੇਰੈ ਸਾਥਿ ਚਾਲੈ,
ਜਹਾ ਹਉ ਜਾਉ ਤਹ ਜਾਈ ॥੩॥
ਸੋ ਝੂਠਾ ਜੋ ਝੂਠੇ ਲਾਗੈ, ਝੂਠੇ ਕਰਮ ਕਮਾਈ ॥
ਕਹੈ ਨਾਨਕ ਹਰਿ ਕਾ ਭਾਣਾ ਹੋਆ,
ਕਹਣਾ ਕਛੂ ਨ ਜਾਈ ॥੪॥੨॥੪॥

(ਗੂਜਰੀ ਮ: ੩ ਪੰਨਾ ੪੯੦)

## ਗੁਰੂ ਅਮਰਦਾਸ ਜੀ ਦੀ ਤੀਰਥ ਯਾਤਰਾ

ਕਈ ਭੁਲੜ ਗਿਆਨੀ ਇਹ ਵਿਚਾਰ ਦਿੰਦੇ ਦੇਖੇ ਗਏ ਹਨ ਕਿ ਗੁਰੂ ਸਾਹਿਬ ਸਿੱਖੀ ਧਾਰਨ ਕਰਨ ਤੋਂ ਪਹਿਲਾਂ ੧੯ ਸਾਲ ਹਰਦੁਆਰ ਗਏ ਸਨ ਜੋ ਕਿ ਉਹਨਾਂ ਦਾ ਹਰ ਸਾਲ ਦਾ ਨਿਯਮ ਸੀ, ਇਸ ਲਈ ਉਹਨਾਂ ਨੇ ਆਪਣੇ ਅੰਤਮ ਸਮੇਂ ਇਹ ਕਿਹਾ ਕਿ ਮੇਰੇ ਫੁੱਲ ਹਰਦੁਆਰ ਲੈ ਜਾਣੇ। ਉਹਨਾਂ ਅਖੌਤੀ ਗਿਆਨੀਆਂ ਦੀ ਸੇਵਾ ਵਿਖੇ ਇਹ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਗੁਰੂ ਅਮਰਦਾਸ ਜੀ ਨੇ ਗੁਰੂ ਅੰਗਦ ਸਾਹਿਬ ਜੀ ਦੇ ਪਾਸ ਸੰਨ ੧੫੪੧ ਵਿੱਚ ਆਉਣ ਮਗਰੋਂ ਹਿੰਦੂ ਮੱਤ ਵਾਲਾ ਤੀਰਥ ਇਸ਼ਨਾਨ ਦਾ ਨਿਯਮ ਬੇ-ਲੋੜਵਾਂ ਸਮਝ ਕੇ ਛੱਡ ਦਿੱਤਾ ਸੀ। ਸੰਨ ੧੫੪੧ ਈ. ਤੋਂ ਪਿਛੋਂ ਆਪਣੇ ੩੪ ਸਾਲਾਂ ਦੇ ਸਰੀਰਕ ਜੀਵਨ ਵਿੱਚ ਕੇਵਲ ਇੱਕ ਵਾਰੀ ਹਰਿਦੁਆਰ ਗੁਰਮਤਿ ਪ੍ਰਚਾਰ ਹਿੱਤ ਹੀ ਗਏ ਸਨ ਅਤੇ ਉਸ ਸਮੇਂ ਗੁਰਗੱਦੀ ਤੇ ਬੈਠਿਆਂ ੬ ਸਾਲ ਹੋ ਚੁੱਕੇ ਸਨ। ਇਸ ਪ੍ਰਚਾਰਕ ਦੌਰੇ ਬਾਰੇ ਗੁਰੂ ਰਾਮਦਾਸ ਜੀ ਤੁਖਾਰੀ ਰਾਗ ਵਿੱਚ ਲਿਖਦੇ ਹਨ -

ਤੀਰਥ ਉਦਮੁ ਸਤਿਗੁਰੂ ਕੀਆ, ਸਭ ਲੋਕ ਉਧਰਣ ਅਰਥਾ।

(ਤੁਖਾਰੀ ਮ: ੪-੧੧੧੬)

ਫਿਰ ਆਪ ਜੀ ਸੱਚਾ ਤੀਰਥ, ਗੁਰੂ ਦੇ ਸ਼ਬਦ ਨੂੰ ਹੀ ਦੱਸਦੇ ਹਨ-

ਸਚਾ ਤੀਰਥੁ ਜਿਤੁ ਸਤਸਰਿ ਨਾਵਣੁ, ਗੁਰਮਖਿ ਆਪਿ ਬੁਝਾਏ ॥
ਅਠਸਠਿ ਤੀਰਥ ਗੁਰ ਸਬਦਿ ਦਿਖਾਏ, ਤਿਤੁ ਨਾਤੈ ਮਲ ਜਾਏ ॥

(ਸੂਹੀ ਮ.-੭੫੩)

# ਸਦੁ

ਲਫਜ 'ਸਦੁ' ਪੰਜਾਬੀ ਵਿੱਚ ਵਰਤਿਆ ਜਾਂਦਾ ਹੈ, ਜਿਸ ਦਾ ਅਰਥ ਹੈ 'ਆਵਾਜ਼'। ਇਹ ਸੰਸਕ੍ਰਿਤ ਦੇ ਲਫਜ 'ਸ਼ਵਦ' ਦਾ ਪ੍ਰਾਕ੍ਰਿਤਕ ਰੂਪ ਹੈ ਅਤੇ ਪੰਜਾਬੀ ਵਿੱਚ ਭੀ 'ਸਦੁ' ਕਰਕੇ ਹੀ ਉਚਾਰਿਆ ਜਾਂਦਾ ਹੈ ।

ਰਾਮਕਲੀ ਰਾਗ ਵਿੱਚ ਲਿਖੀ ਇਸ ਬਾਣੀ ਦਾ ਨਾਮੁ 'ਸਦੁ' ਹੈ ।

ਇਥੇ ਇਸ ਦਾ ਭਾਵ ਹੈ-

**ਰੱਬ ਵੱਲੋਂ ਗੁਰੂ ਅਮਰਦਾਸ ਜੀ ਨੂੰ ਆਇਆ ਹੋਇਆ ਸੱਦਾ**

ਇਹ ਵਸੀਅਤ ਵਾਰਤਕ ਰੂਪ ਵਿੱਚ ਸੀ । ਗੁਰੂ ਅਮਰਦਾਸ ਜੀ ਦੇ ਪੜਪੋਤੇ (ਬਾਬਾ ਮੋਹਰੀ ਜੀ ਦੇ ਪੋਤਰੇ ਬਾਬਾ ਆਨੰਦ ਜੀ ਦੇ ਪੁੱਤਰ) ਬਾਬਾ ਸੁੰਦਰ ਜੀ ਨੇ ਇਸ ਨੂੰ ਕਵਿਤਾ ਦਾ ਰੂਪ ਦਿੱਤਾ । ਗੁਰੂ ਅਰਜਨ ਸਾਹਿਬ ਨੇ ਇਸ ਬਾਣੀ ਨੂੰ ਹਮੇਸ਼ਾਂ ਲਈ ਗੁਰਸਿੱਖਾਂ ਦੀ ਅਗਵਾਈ ਵਾਸਤੇ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਅੰਕਤ ਕਰ ਦਿੱਤਾ ।

ੴ ਸਤਿਗੁਰ ਪ੍ਰਸਾਦਿ ॥ ਰਾਮਕਲੀ ॥ ਸਦੁ ॥

**ਜਗਿ ਦਾਤਾ ਸੋਇ, ਭਗਤਿ ਵਛਲੁ ਤਿਹੁ ਲੋਇ ਜੀਉ ॥**
**ਗੁਰ ਸਬਦਿ ਸਮਾਵਏ, ਅਵਰੁ ਨ ਜਾਣੈ ਕੋਇ ਜੀਉ ॥**

**ਪਦ ਅਰਥ** ਜਗਿ ਦਾਤਾ ਸੋਇ-ਜੋ ਅਕਾਲ ਪੁਰਖ ਜਗਤ ਵਿੱਚ (ਜੀਵਾਂ ਨੂੰ) ਦਾਤਾਂ ਬਖਸ਼ਣ ਵਾਲਾ ਹੈ । ਜਗਿ-ਜਗਤ ਵਿੱਚ । ਭਗਤਿ-ਭਗਤੀ । ਭਗਤ- ਬਹੁ ਵਚਨ, ਭਗਤੁ- ਇੱਕ ਵਚਨ । ਵਛਲੁ - ਪਿਆਰ ਕਰਨ ਵਾਲਾ । ਭਗਤਿ ਵਛੁਲ ਦਾਤਾ-ਭਗਤੀ ਨਾਲ ਪਿਆਰ ਕਰਨ ਵਾਲਾ ਦਾਤਾ । ਤਿਹੁ ਲੋਇ-ਤਿੰਨਾਂ ਲੋਕਾਂ (ਆਕਾਸ਼, ਪਾਤਾਲ ਅਤੇ ਮਾਤ ਲੋਕ, ਭਾਵ ਸਾਰੀ ਸ੍ਰਿਸ਼ਟੀ) ਵਿੱਚ । ਗੁਰ ਸਬਦਿ-ਗੁਰੂ ਦੇ ਸ਼ਬਦ ਰਾਹੀ, ਗੁਰੂ ਦੇ ਉਪਦੇਸ਼ ਰਾਹੀਂ । ਸਮਾਵਏ-ਲੀਨ ਹੁੰਦਾ ਹੈ (ਗੁਰੂ ਅਮਰਦਾਸ ਜੀ ਉਸ ਅਕਾਲ ਪੁਰਖ ਵਿੱਚ ਸਮਾਉਂਦੇ ਹਨ)

**ਅਰਥ–** ਜੋ ਅਕਾਲ ਪੁਰਖ ਜਗਤ ਵਿੱਚ ਜੀਵਾਂ ਨੂੰ ਦਾਤਾਂ ਬਖਸ਼ਣ ਵਾਲਾ ਹੈ ਜੋ ਸਾਰੀ ਸ੍ਰਿਸ਼ਟੀ ਵਿੱਚ ਭਗਤੀ ਕਰਨ ਵਾਲਿਆਂ ਨੂੰ ਪਿਆਰ ਕਰਦਾ ਹੈ । ਗੁਰੂ ਅਮਰਦਾਸ ਜੀ, ਸਤਿਗੁਰੂ ਦੇ ਸ਼ਬਦ ਰਾਹੀ ਉਸ ਅਕਾਲ ਪੁਰਖ ਵਿੱਚ ਲੀਨ ਰਹੇ ਹਨ ਅਤੇ ਅਕਾਲ ਪੁਰਖ ਤੋਂ ਬਿਨਾਂ ਕਿਸੇ ਹੋਰ ਨੂੰ ਉਸ ਵਰਗਾ ਨਹੀ ਜਾਣਦੇ ।

**ਅਵਰੋ ਨ ਜਾਣਹਿ ਸਬਦਿ ਗੁਰ ਕੈ, ਏਕੁ ਨਾਮੁ ਧਿਆਵਹੇ ॥**
**ਪਰਸਾਦਿ ਨਾਨਕ ਗੁਰੂ ਅੰਗਦ, ਪਰਮ ਪਦਵੀ ਪਾਵਹੇ ॥**

---

* ਹਿੰਦੂ ਫਿਲਾਸਫੀ ਅਨੁਸਾਰ ਇਸ ਸ੍ਰਿਸ਼ਟੀ ਨੂੰ ਤਿੰਨ ਦੇਵਤੇ ਚਲਾਉਣ ਵਾਲੇ-ਬਣਾਉਣ ਵਾਲੇ-ਬ੍ਰਹਮਾ, ਮਾਰਨ ਵਾਲਾ ਸ਼ਿਵਜੀ ਅਤੇ ਪਾਲਣ ਵਾਲਾ ਵਿਸ਼ਨੂੰ ਜੀ ਹਨ । ਪਰ ਗੁਰਮਤਿ ਵਿੱਚ ਸਤਿਗੁਰਾਂ ਸਮਝਾਇਆ -

**ਆਪੀਨੈ ਆਪੁ ਸਾਜਿਓ, ਆਪੀਨੈ ਰਚਿਓ ਨਾਉ ॥**
**ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ ॥**

(ਵਾਰ ਆਸਾ ਮ. ੧-੪੬੩)

ਨੋਟ– ਦੂਜੀ ਤੁਕ ਵਿੱਚ ਲਫ਼ਜ 'ਜਾਣੈ' ਆਇਆ ਹੈ ਅਤੇ ਤੀਜੀ ਵਿੱਚ 'ਜਾਣਹਿ' ਹੈ । ਵਿਆਕਰਣ ਅਨੁਸਾਰ ਲਫਜ 'ਜਾਣੈ' ਵਰਤਮਾਨ ਕਾਲ (Present tense) ਅੱਨ-ਪੁਰਖ (Third Person) ਇੱਕ ਵਚਨ (Singular number) ਹੈ । ਇਸ ਸਾਰੀ ਪਾਉੜੀ ਵਿੱਚ (ਗੁਰੂ ਅਮਰਦਾਸ) ਵੱਲ ਇਸ਼ਾਰਾ ਹੈ । ਸੋ ਲਫਜ਼ 'ਗੁਰੂ ਅਮਰਦਾਸ' ਇਸ ਕ੍ਰਿਆ ਦਾ 'ਕਰਤਾ' (subject) ਹੈ । ਇਸ ਦਾ ਅਰਥ ਹੈ - (ਗੁਰੂ ਅਮਰਦਾਸ) ਜਾਣਦਾ ਹੈ । ਤੀਜੀ ਤੁਕ ਵਿੱਚ ਲਫਜ਼ 'ਜਾਣਹਿ' ਹੈ, ਇਹ ਜਾਣੈ ਦਾ ਬਹੁਵਚਨ (Plural number) ਹੈ, ਜਿਵੇਂ 'ਗਾਵੈ' ਤੋਂ 'ਗਾਵਹਿ' ਹੈ । ਇਸ ਦਾ ਅਰਥ ਹੈ 'ਜਾਣਦੇ ਹਨ' । ਇਥੇ ਸਤਿਕਾਰ ਪ੍ਰਗਟ ਕਰਨ ਵਾਸਤੇ ਕ੍ਰਿਆ 'ਜਾਣਹਿ' ਬਹੁਵਚਨ ਵਿੱਚ ਹੈ । ਇਸ ਦਾ ਅਰਥ ਹੈ - ਗੁਰੂ ਅਮਰਦਾਸ ਜੀ ਜਾਣਦੇ ਹਨ ।

**ਪਦ ਅਰਥ–** ਸਬਦਿ ਗੁਰ ਕੈ- ਗੁਰੂ ਦੇ ਸ਼ਬਦ ਦੀ ਰਾਹੀਂ । ਧਿਆਵਹੇ - ਧਿਆਉਂਦੇ ਹਨ, ਕਈ ਥਾਈ ਕਵਿਤਾ ਵਿੱਚ ਛੰਦ ਦਾ ਖਿਆਲ ਰੱਖ ਕੇ 'ਹਿ' ਨੂੰ 'ਹੇ' ਕੀਤਾ ਜਾਂਦਾ ਹੈ ਇਸੇ ਤਰ੍ਹਾਂ 'ਪਾਵਹੇ' ਲਫਜ 'ਪਾਵਹਿ' ਤੋਂ ਹੈ । ਪਰਸਾਦਿ-ਕਿਰਪਾ ਨਾਲ । ਪਰਮ ਪਦਵੀ-ਉੱਚਾ ਰੁਤਬਾ, ਗੁਰੂ ਦੀ ਪਦਵੀ ।

**ਅਰਥ–** ਫਿਰ ਦ੍ਰਿੜ ਕਰਾਉਂਦੇ ਹਨ, 'ਗੁਰੂ ਅਮਰਦਾਸ ਜੀ ਕੇਵਲ ਇਕੋ ਵਾਹਿਗੁਰੂ ਨੂੰ ਹੀ ਮੰਨਦੇ ਹਨ, ਗੁਰੂ ਦੇ ਸ਼ਬਦ ਰਾਹੀਂ ਉਸੇ ਵਿੱਚ ਲੀਨ ਰਹਿੰਦੇ ਹਨ ਅਤੇ ਉਸ ਜਿਹਾ ਕਿਸੇ ਹੋਰ ਨੂੰ ਨਹੀਂ ਸਮਝਦੇ, ਕੇਵਲ ਇਕ ਨਾਮ ਨੂੰ ਹੀ ਧਿਆਉਂਦੇ ਹਨ । ਗੁਰੂ ਨਾਨਕ ਗੁਰੂ ਅੰਗਦ ਦੇਵ ਜੀ ਦੀ ਕ੍ਰਿਪਾ ਨਾਲ ਉਹ ਬਹੁਤ ਉੱਚੇ ਦਰਜੇ ਨੂੰ ਪ੍ਰਾਪਤ ਕਰ ਚੁੱਕੇ ਹਨ- ਅਡੋਲ ਅਵਸਥਾ ਪ੍ਰਾਪਤ ਕਰ ਚੁੱਕੇ ਹਨ ।

ਇਹ ਗੁਰੂ ਅੰਗਦ ਦੇਵ ਜੀ ਦੀ ਮਿਹਰ ਹੀ ਸੀ ਅਤੇ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਹੀ ਸਨ, ਜਿਨ੍ਹਾਂ ਨੇ ਨਿਥਾਵੇਂ ਅਤੇ ਨਿਗੁਰੇ 'ਅਮਰਦਾਸ' ਨੂੰ ਐਸੀ ਉੱਚੀ ਪਦਵੀ ਤੇ ਪਹੁੰਚਾਇਆ ਕਿ ਉਹ ਗੁਰਗੱਦੀ ਦੇ ਲਾਇਕ ਸਮਝੇ ਗਏ ।

**ਆਇਆ ਹਕਾਰਾ ਚਲਣਹਾਰਾ, ਹਰਿ ਰਾਮ ਨਾਮਿ ਸਮਾਇਆ ॥**
**ਜਗਿ ਅਮਰੁ ਅਟਲੁ ਅਤੋਲੁ ਠਾਕੁਰੁ,**
**ਭਗਤਿ ਤੇ ਹਰਿ ਪਾਇਆ ॥੧॥**

**ਪਦ ਅਰਥ–** ਹਕਾਰਾ-ਸੱਦਾ । ਚਲਣਹਾਰਾ-ਚੱਲਣ ਦਾ (ਸੁੰਦਰ ਜੀ ਗੁਰੂ ਅਰਜੁਨ ਸਾਹਿਬ ਨੂੰ ਦੱਸਦੇ ਹਨ ਕਿ ਮੇਰੇ ਪੜਦਾਦਾ ਜੀ ਨੂੰ ਹਕਾਰਾ ਆਇਆ ਭਾਵ ਸੱਦਾ ਆਇਆ) ਅਮਰੁ-ਜੋ ਮਰਨ ਵਾਲਾ ਨਹੀਂ । ਅਟਲੁ-ਨਾ ਚਲਾਏਮਾਨ । ਅਤੋਲੁ-ਜਿਸ ਬਾਰੇ ਕੋਈ ਅੰਦਾਜ਼ਾ ਨਹੀਂ ਹੋ ਸਕਦਾ । ਠਾਕੁਰੁ-ਅਕਾਲ ਪੁਰਖ ।

**ਅਰਥ–** ਜਿਹੜੇ ਗੁਰੂ ਅਮਰਦਾਸ ਜੀ ਅਕਾਲ ਪੁਰਖ ਦੇ ਨਾਮ ਵਿੱਚ ਲੀਨ ਸਨ, ਧੁਰੋਂ ਉਹਨਾਂ ਦੇ ਚੱਲਣ ਦਾ ਸੱਦਾ ਆ ਗਿਆ । ਸੁੰਦਰ ਜੀ ਦੱਸਦੇ ਹਨ ਕਿ ਗੁਰੂ ਅਮਰਦਾਸ ਜੀ ਨੇ ਜਗਤ ਵਿੱਚ ਰਹਿੰਦਿਆਂ ਅਮਰ, ਅੱਟਲ, ਅਤੋਲ ਪ੍ਰਭੂ ਨੂੰ ਭਗਤੀ ਰਾਹੀਂ ਪ੍ਰਾਪਤ ਕਰ ਲਿਆ ਹੋਇਆ ਸੀ ।੧।

**ਹਰਿ ਭਾਣਾ ਗੁਰ ਭਾਇਆ, ਗੁਰੁ ਜਾਵੈ ਹਰਿ ਪ੍ਰਭ ਪਾਸਿ ਜੀਉ ॥**

ਸਤਿਗੁਰੁ ਕਰੇ ਹਰਿ ਪਹਿ ਬੇਨਤੀ,
ਮੇਰੀ ਪੈਜ ਰਖਹੁ ਅਰਦਾਸਿ ਜੀਉ ।।

**ਨੋਟ** : ਇਸ ਪਉੜੀ ਵਿੱਚ ' ਵਰਤਮਾਨ ਕਾਲ ' ਭੂਤ ਕਾਲ ਦੇ ਭਾਵ ਵਿੱਚ ਵਰਤਿਆ ਹੈ ।

**ਪਦ ਅਰਥ**– ਹਰਿ ਭਾਣਾ-ਹਰੀ ਦਾ ਭਾਣਾ, ਅਕਾਲ ਪੁਰਖ ਦੀ ਰਜ਼ਾ । ਗੁਰ ਭਾਇਆ-ਗੁਰੂ ਅਮਰਦਾਸ ਜੀ ਨੂੰ ਮਿੱਠਾ ਲੱਗਾ । ਗੁਰੁ ਜਾਵੈ- ਗੁਰੂ (ਅਮਰਦਾਸ) ਜਾਣ ਨੂੰ ਤਿਆਰ ਹੋ ਪਏ । ਸਤਿਗੁਰੁ-ਗੁਰੂ ਅਮਰਦਾਸ । ਹਰਿ ਪਹਿ-ਅਕਾਲ ਪੁਰਖ ਦੇ ਅੱਗੇ ।

**ਅਰਥ**– ਸੁੰਦਰ ਜੀ ਵਿਚਾਰ ਪੇਸ਼ ਕਰਦੇ ਹਨ ਕਿ ਜੋ ਸੱਦਾ (ਹਰਕਾਰਾ) ਸਤਿਗੁਰ ਅਮਰਦਾਸ ਜੀ ਨੂੰ ਅਕਾਲ ਪੁਰਖ ਵੱਲੋਂ ਆਇਆ ਉਹ ਗੁਰੂ ਜੀ ਨੂੰ ਚੰਗਾ ਲੱਗਾ, ਭਾਵ ਅਕਾਲ ਪੁਰਖ ਦੀ ਰਜ਼ਾ ਚੰਗੀ ਲੱਗੀ । ਗੁਰੂ ਜੀ ਅਕਾਲ ਪੁਰਖ ਪਾਸ ਜਾਣ ਨੂੰ ਤਿਆਰ ਹੋ ਪਏ । ਭਾਵੇਂ ਉਹਨਾਂ ਨੂੰ ਪਤਾ ਸੀ ਕਿ ਮੈਂ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਰਿਹਾ ਹਾਂ, ਫਿਰ ਵੀ ਗੁਰੂ ਅਮਰਦਾਸ ਜੀ ਨੇ ਅਕਾਲ ਪੁਰਖ ਅੱਗੇ ਬੇਨਤੀ ਕੀਤੀ ਕਿ ਮੇਰੀ ਪੈਜ (ਲਾਜ) ਰੱਖੋ ਅਤੇ ਮੈਨੂੰ ਆਪਣੇ ਚਰਨਾਂ ਵਿੱਚ ਨਿਵਾਸ ਦੇ ਕੇ ਜਨਮ ਮਰਨ ਦਾ ਗੇੜ ਖਤਮ ਕਰੋ ।

ਪੈਜ ਰਾਖਹੁ ਹਰਿ ਜਨਹ ਕੇਰੀ, ਹਰਿ ਦੇਹੁ ਨਾਮ ਨਿਰੰਜਨੋ ॥
ਅੰਤਿ ਚਲਦਿਆਂ ਹੋਇ ਬੇਲੀ, ਜਮਦੂਤ ਕਾਲੁ ਨਿਖੰਜਨੋ ॥

**ਪਦ ਅਰਥ**– ਹਰਿਜਨਹ ਕੇਰੀ-ਹਰੀ ਦੇ ਦਾਸਾਂ ਦੀ । ਹਰਿ-ਹੇ ਹਰੀ । ਨਿਰੰਜਨੋ-ਨਿਰ+ਅੰਜਨ, ਮਾਇਆ ਰਹਿਤ । ਅੰਤਿ-ਅੰਤ ਵੇਲੇ, ਅਖੀਰਲੇ ਸਮੇਂ । ਨਿਖੰਜਨੋ-ਨਾਸ ਕਰਨ ਵਾਲਾ ।

**ਅਰਥ**– ਹੇ ਹਰੀ, ਆਪਣੇ ਸੇਵਕਾਂ ਦੀ ਲਾਜ ਰੱਖ ਅਤੇ ਮਾਇਆ ਤੋਂ ਨਿਰਮੋਹ ਕਰਨ ਵਾਲਾ ਆਪਣਾ ਨਾਮ ਬਖਸ਼, ਜੋ ਅਖੀਰ ਚੱਲਣ ਵੇਲੇ ਸਾਥੀ ਬਣੇ ਅਤੇ ਜਮਦੂਤਾਂ ਅਰ ਕਾਲ ਨੂੰ ਨਾਸ ਕਰੇ ।

ਸਤਿਗੁਰੂ ਕੀ ਬੇਨਤੀ ਪਾਈ, ਹਰਿ ਪ੍ਰਭਿ ਸੁਣੀ ਅਰਦਾਸਿ ਜੀਉ ।।
ਹਰਿ ਧਾਰਿ ਕਿਰਪਾ ਸਤਿਗੁਰੁ ਮਿਲਾਇਆ,
ਧਨੁ ਧਨੁ ਕਹੈ ਸਾਬਾਸਿ ਜੀਉ ।।

**ਪਦ ਅਰਥ**– ਸਤਿਗੁਰ ਕੀ ਬੇਨਤੀ ਪਾਈ-ਗੁਰੂ ਅਮਰਦਾਸ ਜੀ ਦੀ ਕੀਤੀ ਹੋਈ ਬੇਨਤੀ। ਹਰਿ ਪ੍ਰਭਿ-ਹਰੀ ਪ੍ਰਭੂ ਨੇ । ਧਾਰਿ ਕਿਰਪਾ-ਕਿਰਪਾ ਕਰਕੇ । ਸਤਿਗੁਰੁ ਮਿਲਾਇਆ-ਗੁਰੂ ਅਮਰਦਾਸ ਜੀ ਨੂੰ (ਆਪਣੇ ਵਿੱਚ) ਮਿਲਾ ਲਿਆ । ਕਹੈ (ਅਕਾਲ ਪੁਰਖ) ਕਹਿੰਦਾ ਹੈ ।

**ਅਰਥ**-ਸੁੰਦਰ ਜੀ ਦੱਸਦੇ ਹਨ ਕਿ ਗੁਰੂ ਅਮਰਦਾਸ ਜੀ ਦੀ ਕੀਤੀ ਬੇਨਤੀ ਇਹ ਅਰਦਾਸ, ਅਕਾਲ ਪੁਰਖ ਪ੍ਰਭੂ ਨੇ ਸੁਣ ਲਈ ਅਤੇ ਮਿਹਰ ਕਰਕੇ ਗੁਰੂ ਅਮਰਦਾਸ ਜੀ ਨੂੰ ਆਪਣੇ ਚਰਨਾਂ ਵਿੱਚ ਜੋੜ ਲਿਆ ਅਤੇ ਕਹਿਣ ਲੱਗਾ : ਸ਼ਾਬਾਸ਼ ! ਤੂੰ ਧੰਨ ਹੈਂ !! ਸੁੰਦਰ ਜੀ ਦੇ ਕਹਿਣ ਦਾ ਭਾਵ ਇਹ ਹੈ ਕਿ ਗੁਰੂ ਸਾਹਿਬ ਦੀ ਘਾਲ ਕਮਾਈ ਥਾਂਇ ਪਈ ॥੨॥

ਮੇਰੇ ਸਿਖ ਸੁਣਹੁ ਪੁਤ ਭਾਈਹੋ, ਮੇਰੈ ਹਰਿ ਭਾਣਾ,

ਆਉ ਮੈ ਪਾਸਿ ਜੀਉ ।।
ਹਰਿ ਭਾਣਾ ਗੁਰ ਭਾਇਆ, ਮੇਰਾ ਹਰਿ ਪ੍ਰਭੁ ਕਰੇ ਸਾਬਾਸਿ ਜੀਉ ।।

**ਪਦ ਅਰਥ–** ਮੇਰੇ ਸਿੱਖ, ਪੁਤ ਭਾਈਹੋ- ਹੇ ਮੇਰੇ ਸਿੱਖੋ ! ਹੇ ਮੇਰੇ ਪੁੱਤਰੋ, ਹੇ ਮੇਰੇ ਭਰਾਵੋ । ਭਾਣਾ-ਭਾਇਆ ਹੈ । ਮੇਰੇ ਹਰਿ ਭਾਣਾ-ਮੇਰੇ ਅਕਾਲ ਪੁਰਖ ਨੂੰ ਇਹ ਚੰਗਾ ਲੱਗਾ ਹੈ। ਗੁਰੁ ਭਾਇਆ-ਗੁਰੂ ਨੂੰ ਮਿੱਠਾ ਲੱਗਾ ਹੈ । ਕਰੈ ਸਾਬਾਸਿ-ਸ਼ਾਬਾਸ਼ ਆਖਦਾ ਹੈ ।

**ਅਰਥ–** ਹੇ ਮੇਰੇ ਸਿੱਖੋ, ਹੇ ਮੇਰੇ ਪੁੱਤਰੋ, ਹੇ ਮੇਰੇ ਭਰਾਵੋ, ਸੁਣੋ ' ਮੇਰੇ ਅਕਾਲ ਪੁਰਖ ਨੂੰ ਇਹ ਚੰਗਾ ਲੱਗਾ ਹੈ ਅਤੇ ਮੈਨੂੰ ਉਸ ਨੇ ਹੁਕਮ ਕੀਤਾ ਹੈ - ਮੇਰੇ ਪਾਸ ਆਓ ।' ਅਕਾਲ ਪੁਰਖ ਦੀ ਰਜ਼ਾ ਗੁਰੂ ਨੂੰ ਮਿੱਠੀ ਲੱਗੀ ਹੈ, ਮੇਰਾ ਪ੍ਰਭੂ ਮੈਨੂੰ ਸ਼ਾਬਾਸ਼ ਦੇ ਰਿਹਾ ਹੈ ।

ਭਗਤੁ ਸਤਿਗੁਰੂ ਪੁਰਖੁ ਸੋਈ, ਜਿਸੁ ਹਰਿ ਪ੍ਰਭ ਭਾਣਾ ਭਾਵਏ ।।
ਆਨੰਦ ਅਨਹਦ ਵਜਹਿ ਵਾਜੇ, ਹਰਿ ਆਪਿ ਗਲਿ ਮੇਲਾਵਏ ।।

**ਪਦ ਅਰਥ–** ਜਿਸ ਭਾਵਏ, ਜਿਸ ਨੂੰ ਮਿੱਠਾ ਲੱਗਦਾ ਹੈ । ਪ੍ਰਭ ਭਾਣਾ-ਪ੍ਰਭੂ ਦਾ ਭਾਣਾ । ਆਨੰਦ ਵਾਜੇ-ਅਨੰਦ ਦੇ ਵਾਜੇ । ਅਨਹਦ-ਇਕਰਸ ਲਗਾਤਾਰ, ਯੋਗੀ ਮੰਨਦੇ ਹਨ ਕਿ ਪ੍ਰਾਣਾਯਾਮ ਧਾਰਨ ਕਰਨ ਨਾਲ ਅਨਾਹਤ ਵੇਧਨ ਤੋਂ ਦਸਵੇਂ ਦਵਾਰ ਵਿੱਚ ਪੰਚ ਸ਼ਬਦ (ਸੰਖ, ਮ੍ਰਿਦੰਗ, ਕਿਗੰਰੀ, ਮੁਰਲੀ ਤੇ ਵੀਣਾ) ਸੁਣਾਈ ਦਿੰਦੇ ਹਨ । ਇਹਨਾਂ ਆਵਾਜਾਂ (ਸੁਰਾਂ) ਨੂੰ ਹੀ ਉਹ ਅਨਹਦ ਸ਼ਬਦ ਦਾ ਨਾਮ ਦਿੰਦੇ ਹਨ ਅਤੇ ਉਹਨਾਂ ਦਾ ਵਿਸ਼ਵਾਸ਼ ਹੈ ਕਿ ਜਦ ਅਨਹਦ ਸ਼ਬਦ ਦਾ ਰਸ ਆਉਂਦਾ ਹੈ ਤਦ ਮਨ ਤੇ ਤਰੰਗ ਸ਼ਾਂਤ ਹੋ ਜਾਂਦੇ ਹਨ । ਗੁਰਮਤ ਦਰਸ਼ਨ ਅਨੁਸਾਰ ' ਅਨਹਦ ਸ਼ਬਦ ' ਦਾ ਭਾਵ ਹੈ ਗੁਰਸਿੱਖ ਦਾ ਵਾਹਿਗੁਰੂ ਦੇ ਚਰਨਾਂ ਵਿੱਚ ਲਗਾਤਾਰ ਜੁੜੇ ਰਹਿਣਾ। ਗੁਰਮਤਿ ਅਭਿਆਸੀ ਜਦੋਂ ' ਸ਼ਬਦ ' ਵਿੱਚ ਆਪਣੀ ' ਸੁਰਤ ' ਨੂੰ ਜੋੜਦੇ ਹਨ ਤਾਂ ਉਹਨਾਂ ਦੇ ਮਨ ਵਿਚੋਂ ਕਾਮਨਾਵਾਂ ਖਤਮ ਹੋ ਜਾਂਦੀਆਂ ਹਨ ਅਤੇ ਉਹਨਾਂ ਦੀ ਇਕਰਸ, ਲਗਾਤਾਰ ਲਿਵ ਪ੍ਰਭੂ ਚਰਨਾਂ ਵਿੱਚ ਲੱਗ ਜਾਂਦੀ ਹੈ । ਉਹਨਾਂ ਨੂੰ ਯੋਗੀਆਂ ਵਾਲੀਆਂ ਪੰਜ ਆਵਾਜ਼ਾਂ ਸੁਣਨ ਦੀ ਲੋੜ ਨਹੀਂ ਰਹਿੰਦੀ । ਯਥਾ-

ਅਨਹਦ ਸਬਦਿ ਸੁਹਾਵਣੇ, ਪਾਈਐ ਗੁਰ ਵੀਚਾਰਿ ।।
ਅਨਹਦ ਬਾਣੀ ਪਾਈਐ, ਤਹ ਹਉਮੈ ਹੋਇ ਬਿਨਾਸੁ ।।

(ਸਿਰੀਰਾਗ ਮਹਲਾ ੧-੨੧)

**ਅਰਥ–** ਅਕਾਲ ਪੁਰਖ ਦੀ ਰਜ਼ਾ ਗੁਰੂ ਨੂੰ ਮਿੱਠੀ ਲੱਗੀ ਹੈ, ਮੇਰਾ ਪ੍ਰਭੂ ਮੈਨੂੰ ਸ਼ਾਬਾਸ਼ ਦੇ ਰਿਹਾ ਹੈ । ਉਹੀ (ਮਨੁੱਖ) ਭਗਤ ਹੈ, ਪੂਰਾ ਗੁਰੂ ਹੈ ਜਿਸ ਨੂੰ ਰੱਬ ਦਾ ਭਾਣਾ ਮਿੱਠਾ ਲੱਗਦਾ ਹੈ । ਉਸਦੇ ਅੰਦਰ ਆਨੰਦ ਦੇ ਵਾਜੇ ਇਕਰਸ ਵੱਜਦੇ ਹਨ, ਅਕਾਲ ਪੁਰਖ ਉਸ ਨੂੰ ਆਪ ਆਪਣੇ ਗਲ ਲਾਉਂਦਾ ਹੈ ।

ਤੁਸੀ ਪੁਤ ਭਾਈ ਪਰਵਾਰੁ ਮੇਰਾ,
ਮਨਿ ਵੇਖਹੁ ਕਰਿ ਨਿਰਜਾਸਿ ਜੀਉ ।।
ਧੁਰਿ ਲਿਖਿਆ ਪਰਵਾਣਾ ਫਿਰੈ ਨਾਹੀ,
ਗੁਰੂ ਜਾਇ ਹਰਿ ਪ੍ਰਭ ਪਾਸਿ ਜੀਉ ।੩।।

**ਪਦ ਅਰਥ–** ਮਨਿ-ਮਨ ਵਿੱਚ । ਕਰਿ ਨਿਰਜਾਸਿ- ਨਿਰਨਾ ਕਰਕੇ । ਧੁਰਿ-ਧੁਰੋਂ, ਰੱਬ ਵਲੋਂ । ਪਰਵਾਣਾ-ਹੁਕਮ । ਫਿਰੈ ਨਾਹੀ-ਮੋੜਿਆ ਨਹੀ ਜਾ ਸਕਦਾ ।

**ਅਰਥ–** ਤੁਸੀਂ ਮੇਰੇ ਪੁਤਰ ਹੋ, ਮੇਰੇ ਭਰਾ ਹੋ, ਮੇਰਾ ਪਰਵਾਰ ਹੋ, ਮਨ ਵਿੱਚ ਕਿਆਸ ਕਰ ਕੇ ਵੇਖੋ ਕਿ ਧੁਰੋਂ ਲਿਖਿਆ ਹੋਇਆ ਹੁਕਮ ਕਦੇ ਟਲ ਨਹੀਂ ਸਕਦਾ । ਇਸ ਲਈ ਹੁਣ ਗੁਰੂ ਅਕਾਲ ਪੁਰਖ ਦੇ ਕੋਲ ਜਾ ਰਿਹਾ ਹੈ ੩।

**ਸਤਿਗੁਰਿ ਭਾਣੈ ਆਪਣੈ, ਬਹਿ ਪਰਵਾਰੁ ਸਦਾਇਆ ॥**
**ਮਤ ਮੈ ਪਿਛੈ ਕੋਈ ਰੋਵਸੀ, ਸੋ ਮੈ ਮੂਲਿ ਨ ਭਾਇਆ ॥**

**ਪਦ ਅਰਥ–** ਸਤਿਗੁਰਿ-ਸਤਿਗੁਰੂ ਨੇ । ਭਾਣੈ ਆਪਣੈ-ਆਪਣੇ ਭਾਣੇ ਵਿਚ, ਆਪਣੀ ਮਰਜ਼ੀ ਨਾਲ । ਬਹਿ-ਬੈਠ ਕੇ । ਮੈਂ ਪਿਛੈ-ਮੇਰੇ ਪਿਛੋਂ ।

**ਅਰਥ–** ਸਤਿਗੁਰੂ ਅਮਰਦਾਸ ਜੀ ਨੇ ਸਾਰੇ ਪ੍ਰਵਾਰ ਨੂੰ ਬੁਲਾਇਆ ਅਤੇ ਉਪਦੇਸ਼ ਕੀਤਾ ਕਿ ਮੇਰੇ ਪਿਛੋਂ ਕੋਈ ਨਾ ਰੋਵੇ ਕਿਉਂਕਿ ਰੋਣ ਵਾਲਾ ਮੈਨੂੰ ਉਕਾ ਹੀ ਚੰਗਾ ਨਹੀ ਲੱਗਦਾ ।

**ਮਿਤੁ ਪੈਝੈ ਮਿਤੁ ਬਿਗਸੈ, ਜਿਸੁ ਮਿਤ ਕੀ ਪੈਜ ਭਾਵਏ ॥**
**ਤੁਸੀ ਵੀਚਾਰਿ ਦੇਖਹੁ ਪੁਤ ਭਾਈ ਹਰਿ ਸਤਿਗੁਰੂ ਪੈਨਾਵਏ ॥**

**ਪਦ ਅਰਥ–** ਪੈਝੈ-ਮਾਣ ਪਾਉਂਦਾ ਹੈ । ਬਿਗਸੈ-ਖਿੜਦਾ ਹੈ, ਖੁਸ਼ ਹੁੰਦਾ ਹੈ, । ਜਿਸੁ-ਜਿਸ ਮਨੁੱਖ ਨੂੰ । ਪੈਜ-ਲਾਜ, ਇਜ਼ਤ, ਵਡਿਆਈ । ਭਾਵਏ-ਭਾਉਂਦੀ ਹੈ, ਚੰਗੀ ਲਗਦੀ ਹੈ । ਵੀਚਾਰਿ-ਵੀਚਾਰ ਕੇ । ਪੁਤ ਭਾਈ-ਹੇ ਮੇਰੇ ਪੁਤਰੋ ਤੇ ਭਰਾਵੋ । ਸਤਿਗੁਰੂ-ਗੁਰੂ ਨੂੰ । ਪੈਨਾਵਏ-ਸਿਰੋਪਾ ਦੇ ਰਿਹਾ ਹੈ, ਆਦਰ ਦੇ ਰਿਹਾ ਹੈ ।

**ਅਰਥ–** ਜੇਕਰ ਤੁਸੀਂ ਮੈਨੂੰ ਮਿਲ ਰਹੇ ਮਾਣ ਵਿੱਚ ਖੁਸ਼ੀ ਮਹਿਸੂਸ ਕਰਦੇ ਹੋ, ਤਾਂ ਤੁਸੀਂ ਵੀ ਖੁਸ਼ ਹੋਵੋ, ਕਿਉਂਕਿ ਜਿਸ ਮਨੁੱਖ ਨੂੰ ਆਪਣੇ ਮਿੱਤਰ ਦੀ ਵਡਿਆਈ ਹੁੰਦੀ ਚੰਗੀ ਲੱਗਦੀ ਹੈ ਉਹ ਖੁਸ਼ ਹੁੰਦਾ ਹੈ । ਤੁਸੀਂ ਵੀ ਹੇ ਮੇਰੇ ਪੁੱਤਰੋ ਤੇ ਭਰਾਵੋ ! ਹੁਣ ਵੀਚਾਰ ਕਰ ਕੇ ਵੇਖ ਲਵੋ ਕਿ ਅਕਾਲ ਪੁਰਖ ਗੁਰੂ ਨੂੰ ਆਦਰ ਦੇ ਰਿਹਾ ਹੈ, ਇਸ ਵਾਸਤੇ ਜੇਕਰ ਤੁਸੀਂ ਮੇਰੇ ਸੱਚੇ ਪੁੱਤਰ ਹੋ, ਤਾਂ ਖੁਸ਼ ਹੋਵੋ ।

**ਸਤਿਗੁਰੂ ਪਰਤਖਿ ਹੋਦੈ, ਬਹਿ ਰਾਜੁ ਆਪਿ ਟਿਕਾਇਆ ॥**
**ਸਭਿ ਸਿਖ ਬੰਧਪ ਪੁਤ ਭਾਈ, ਰਾਮਦਾਸ ਪੈਰੀ ਪਾਇਆ ॥੪॥**

**ਪਦ ਅਰਥ–** ਪਰਤਖਿ ਹੋਦੈ-ਪਰਤੱਖ ਹੁੰਦਿਆਂ, ਇਸ ਸਰੀਰ ਵਿੱਚ ਹੁੰਦਿਆਂ ਹੀ । ਰਾਜੁ-ਗੁਰਿਆਈ ਦਾ ਰਾਜ, ਗੁਰਿਆਈ ਦੀ ਗੱਦੀ । ਟਿਕਾਇਆ-ਥਾਪ ਦਿੱਤਾ । ਬੰਧਪ-ਅੰਗ ਸਾਕ । ਰਾਮਦਾਸ ਪੈਰੀ-ਗੁਰੂ ਰਾਮਦਾਸ ਜੀ ਦੇ ਪੈਰਾਂ ਉੱਤੇ ।

**ਅਰਥ–** ਇਹ ਉਪਦੇਸ਼ ਦੇ ਕੇ, ਫਿਰ ਗੁਰੂ ਅਮਰਦਾਸ ਜੀ ਨੇ ਸਰੀਰਕ ਜਾਮੇ ਵਿੱਚ ਹੁੰਦਿਆਂ ਹੀ ਆਪ ਗੁਰਿਆਈ ਦੀ ਗੱਦੀ ਭੀ ਥਾਪ ਦਿੱਤੀ (ਭਾਵ ਗੁਰੂ ਰਾਮਦਾਸ ਜੀ ਨੂੰ ਗੁਰੂ ਥਾਪ ਦਿੱਤਾ) ਅਤੇ ਸਾਰੇ ਸਿੱਖਾਂ, ਸਾਕ ਸਬੰਧੀਆਂ, ਪੁੱਤਰਾਂ ਤੇ ਸਾਰੇ ਭਾਈਚਾਰੇ ਨੂੰ ਗੁਰੂ ਰਾਮਦਾਸ ਜੀ ਦੀ ਚਰਨੀ ਲਾ ਦਿੱਤਾ ੪।

**ਅੰਤੇ ਸਤਿਗੁਰੁ ਬੋਲਿਆ,**

ਮੈ ਪਿਛੈ ਕੀਰਤਨੁ ਕਰਿਅਹੁ ਨਿਰਬਾਣੁ ਜੀਉ ॥
ਕੇਸੋ ਗੋਪਾਲ ਪੰਡਿਤ ਸਦਿਅਹੁ,
ਹਰਿ ਹਰਿ ਕਥਾ ਪੜਹਿ, ਪੁਰਾਣੁ ਜੀਉ ॥

**ਪਦ ਅਰਥ–** ਅੰਤੇ-ਅੰਤ ਸਮੇਂ, ਜੋਤੀ ਜੋਤਿ ਸਮਾਉਣ ਵੇਲੇ । ਨਿਰਬਾਣੁ ਕੀਰਤਨ-ਨਿਰੋਲ ਕੀਰਤਨ । ਕਰਿਅਹੁ-ਤੁਸੀਂ ਕਰਿਓ । ਕੇਸੋ-ਲੰਮੇ ਕੇਸਾਂ ਵਾਲਾ । ਗੋਪਾਲ-ਸ੍ਰਿਸ਼ਟੀ ਦਾ ਮਾਲਕ । ਕੇਸੋ ਗੋਪਾਲ-ਲੰਮੇ ਕੇਸਾਂ ਵਾਲਾ ਜੋ ਸ੍ਰਿਸ਼ਟੀ ਨੂੰ ਪਾਲ ਰਿਹਾ ਹੈ, ਭਾਵ ਵਾਹਿਗੁਰੂ । ਗੁਰਬਾਣੀ ਵਿੱਚ ਕਈ ਹੋਰ ਪ੍ਰਮਾਣ ਮਿਲਦੇ ਹਨ, ਜਿਥੇ ਕੇਸੋ ਤੇ ਗੋਪਾਲ ਲਫ਼ਜ ਵਾਹਿਗੁਰੂ ਲਈ ਵਰਤੇ ਗਏ ਹਨ ਜਿਵੇਂ-

ਕਬੀਰ ਕੇਸੋ ਕੇਸੋ ਕੂਕੀਐ ਨ ਸੋਈਐ ਅਸਾਰ ॥

(ਸਲੋਕ ਕਬੀਰ ਸਾਹਿਬ-੧੩੭੬)

ਕੇਸਵ ਕਲੇਸ ਨਾਸ ਅਘ ਖੰਡਨ, ਨਾਨਕ ਜੀਵਤ ਦਰਸ ਦਿਸੇ ॥

(ਬਿਲਾਵਲੁ ਮਹਲਾ ੫-੮੨੯)

ਪਿੰਡ ਪਤਲਿ ਮੇਰੀ ਕੇਸਉ, ਕਿਰਿਆ ਸਚੁ ਨਾਮ ਕਰਤਾਰੁ ॥

(ਆਸਾ ਮਹਲਾ ੧-੩੫੮)

ਗੋਪਾਲ ਗੁਣਨਿਧਿ ਸਦਾ ਸੰਗੇ ਸਰਬ ਗੁਣ ਜਗਦੀਸਰੇ॥

(ਮਲਾਰ ਛੰਤ ਮਹਲ ੫-੧੨੭੮)

ਗੋਪਾਲ ਦਰਸ ਭੇਟੰ, ਸਫਲ ਨਾਨਕ ਸੋ ਮਹੂਰਤਹ ॥

(ਵਾਰ ਜੈਤਸਰੀ ਮਹਲਾ ੫-੭੦੯)

## ਪੰਡਿਤ–ਗੁਰਸਿਖ

ਇਥੇ 'ਪੰਡਿਤ' ਬਹੁਵਚਨ ਦੇ ਰੂਪ ਵਿੱਚ ਵਰਤਿਆ ਗਿਆ ਹੈ, ਕਿਉਂਕਿ 'ਤ' ਮੁਕਤਾ ਹੈ । ਜੇਕਰ ਇਥੇ ਇਕ ਪੰਡਿਤ ਵਲ ਇਸ਼ਾਰਾ ਹੁੰਦਾ ਤਾਂ (ਗੁਰਬਾਣੀ ਵਿਆਕਰਣ ਦੇ ਨੇਮ ਅਨੁਸਾਰ) 'ਤ' ਨੂੰ ਔਂਕੜ ਹੁੰਦਾ । ਸੋ ਇਥੇ ਪੰਡਿਤ ਲਫ਼ਜ਼ ਉਸ ਅਚਾਰਜ ਪ੍ਰਤੀ ਨਹੀਂ ਵਰਤਿਆ ਗਿਆ ਜੋ ਕਿਰਿਆ-ਕਰਮ ਕਰਾਉਂਦਾ ਹੈ, ਸਗੋਂ ਬਹੁਤੇ ਪੰਡਿਤਾਂ ਭਾਵ ਗੁਰਸਿੱਖਾਂ ਪ੍ਰਤੀ ਆਇਆ ਹੈ ।

ਹਿੰਦੂਆਂ ਵਿੱਚ ਪੰਡਿਤ ਉਸ ਨੂੰ ਆਖਿਆ ਜਾਂਦਾ ਹੈ, ਜੋ ਛੇ ਸ਼ਾਸ਼ਤਰਾਂ ਦਾ ਵੇਤਾ ਹੋਵੇ, ਸਿੰਮ੍ਰਤੀਆਂ ਅਤੇ ਪੁਰਾਣਾਂ ਦਾ ਅਧਿਐਨ ਕਰ ਚੁੱਕਾ ਹੋਵੇ ਅਤੇ ਵੇਦਾਂ ਦਾ ਗਿਆਤਾ ਹੋਵੇ । ਪਰ ਗੁਰਮਤਿ ਵਿੱਚ ਜੋ ਪੰਡਿਤ ਪ੍ਰਵਾਨ ਹਨ ਉਹਨਾਂ ਨੂੰ ਉਪਰੋਕਤ ਪੁਸਤਕ ਦਾ ਗਿਆਨ ਹਾਸਲ ਕਰਨਾ ਨਹੀ ਪੈਂਦਾ, ਸਗੋਂ ਅਕਾਲ ਪੁਰਖ ਦਾ ਅਨੁਭਵੀ ਗਿਆਨ ਪ੍ਰਾਪਤ ਕਰਨਾ ਪੈਂਦਾ ਹੈ । ਗੁਰਮਤਿ ਦੇ ਪੰਡਿਤ (ਸਿੱਖ) ਵਾਹਿਗੁਰੂ ਦੇ ਚਰਨਾਂ ਵਿੱਚ ਜੁੜੇ ਰਹਿੰਦੇ ਹਨ । ਇਹਨਾਂ ਵੀਚਾਰਾਂ ਦੀ ਪ੍ਰੋੜਤਾ ਹੇਠ ਲਿਖੇ ਗੁਰਵਾਕਾਂ ਤੋਂ ਭਲੀ ਭਾਂਤ ਹੋ ਜਾਵੇਗੀ ।

ਸੋ ਪੰਡਿਤੁ ਜੋ ਮਨੁ ਪਰਬੋਧੈ ॥ ਰਾਮ ਨਾਮੁ ਆਤਮ ਮਹਿ ਸੋਧੈ ॥

(ਗਉੜੀ ਸੁਖਮਨੀ ਮਹਲਾ ੫-੨੭੮)

ਸੋ ਪੜਿਆ ਸੋ ਪੰਡਿਤੁ ਬੀਨਾ, ਗੁਰ ਸਬਦਿ ਕਰੇ ਵੀਚਾਰੁ ॥
ਅੰਤਰੁ ਖੋਜੈ ਤਤੁ ਲਹੈ, ਪਾਏ ਮੋਖ ਦੁਆਰੁ ॥

(ਵਾਰ ਸੋਰਠਿ ਮਹਲਾ ੩-੬੫੦)

ਸੋ ਪੜਿਆ ਸੋ ਪੰਡਿਤੁ ਬੀਨਾ, ਜਿਨੀ ਕਮਾਣਾ ਨਾਉ ॥
ਪਹਿਲੋ ਦੇ ਜੜ ਅੰਦਰਿ ਜੰਮੈ, ਤਾਂ ਉਪਰਿ ਹੋਵੈ ਛਾਂਉ ॥

(ਵਾਰ ਮਲਾਰ ਮਹਲਾ ੧-੧੨੮੮)

ਉਪਰਲੇ ਪ੍ਰਮਾਣਾਂ ਤੋਂ ਸਪਸ਼ਟ ਭਾਵ ਇਹ ਹੈ ਕਿ ਗੁਰੂ ਜੀ ਕਰਮ-ਕਾਂਡੀ, ਪੰਡਿਤ ਦਾ ਖੰਡਨ ਕਰਕੇ ਦੱਸਦੇ ਹਨ ਕਿ ਅਸਲੀ ਪੰਡਿਤ ਤਾਂ ਉਹ ਹਨ ਜੋ ਗੁਰਸਿੱਖੀ ਮਾਰਗ ਤੇ ਚੱਲਦੇ ਹਨ, ਨਾ ਕਿ ਕਰਮ ਕਾਂਡੀ ਪੰਡਿਤ । ਖੰਡਨ ਕਰਨ ਦਾ ਇਹ ਢੰਗ ਗੁਰੂ ਜੀ ਦਾ ਆਪਣਾ ਹੀ ਹੈ।

ਫਿਰ ਸਾਰੀ ਗੁਰਬਾਣੀ, ਵਿਆਕਰਣਿਕ ਨੇਮਾਂ ਅਨੁਸਾਰ ਹੈ । ਜਿੱਥੇ ਕਿਤੇ ਵੀ 'ਪੰਡਿਤ' ਬਹੁਵਚਨ ਰੂਪ ਵਿੱਚ ਵਰਤਿਆ ਹੈ, ਉਥੇ 'ਤ' ਮੁਕਤਾ ਹੈ ਅਤੇ ਇਕ ਵਚਨ ਰੂਪ ਵਿੱਚ 'ਪੰਡਿਤੁ' ਦੇ 'ਤ' ਨੂੰ ਔਂਕੜ ਹੈ । ਜਿਵੇਂ ਕਰਤਾ ਕਾਰਕ, Singular form (ਇਕ ਵਚਨ) :

ਪੜਿ ਪੜਿ 'ਪੰਡਿਤੁ' ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤ ਨ ਜਾਣੈ ॥ (ਗਉੜੀ ਮਹਲਾ ੧-੧੫੨)
ਮਾਇਆ ਕਾ ਮੁਹਤਾਜੁ 'ਪੰਡਿਤੁ' ਕਹਾਵੈ ॥

(ਗਉੜੀ ਮਹਲਾ ੩-੨੩੧)

'ਪੰਡਿਤੁ' ਹੋਇ ਕੈ ਬੇਦੁ ਬਖਾਨੈ ॥
ਮੂਰਖ ਨਾਮਦੇਵ ਰਾਮਹਿ ਜਾਨੈ ।੨।੨।।

(ਟੋਡੀ ਨਾਮਦੇਉ ਜੀ-੭੧੮)

ਪੜਿ 'ਪੰਡਿਤੁ' ਅਵਰਾ ਸਮਝਾਏ ॥
ਘਰ ਜਲਤੇ ਕੀ ਖਬਰਿ ਨ ਪਾਏ ॥
ਬਿਨੁ ਸਤਿਗੁਰ ਸੇਵੇ ਨਾਮੁ ਨ ਪਾਈਐ,
ਪੜਿ ਥਾਕੇ ਸਾਂਤਿ ਨ ਆਈ ਹੇ ।।੫।।

(ਮਾਰੂ ਮਹਲਾ ੩-੧੦੪੬)

ਨਾਉ ਫਕੀਰੈ ਪਾਤਿਸਾਹੁ, ਮੂਰਖੁ 'ਪੰਡਿਤੁ' ਨਾਉ ॥
ਅੰਧੇ ਕਾ ਨਾਉ ਪਾਰਖੂ, ਏਵੈ ਕਰੇ ਗੁਆਉ ॥

(ਸਲੋਕ ਮ: ੨-੧੨੮੮)

ਕਰਤਾ ਕਾਰਕ Plural form (ਬਹੁਵਚਨ) :

'ਪੰਡਿਤ' ਵਾਚਹਿ ਪੋਥੀਆ, ਨਾ ਬੂਝਹਿ ਵੀਚਾਰੁ ॥

(ਸਿਰੀ ਰਾਗੁ ਮਹਲਾ ੧-੫੬)

ਪੜਿ ਪੜਿ 'ਪੰਡਿਤ' ਮੋਨੀ ਥਕੇ, ਦੂਜੇ ਭਾਇ ਪਤਿ ਖੋਈ ॥

(ਸਿਰੀ ਰਾਗੁ ਮਹਲਾ ੫-੭੦)

ਮੂਰਖ 'ਪੰਡਿਤ' ਹਿਕਮਤਿ ਹੁਜਤਿ, ਸੰਜੈ ਕਰਹਿ ਪਿਆਰੁ ॥

(ਆਸਾ ਕੀ ਵਾਰ)

' ਪੰਡਿਤ ' ਭੂਲੇ ਦੂਜੇ ਲਾਗੇ, ਮਾਇਆ ਕੇ ਵਪਾਰਿ ।।

(ਸੋਰਠਿ ਕੀ ਵਾਰ ਮ: ੩-੬੪੭)

ਬੇਦ ਪੜੇ ਪੜਿ ' ਪੰਡਿਤ ' ਮੂਏ, ਰੂਪੁ ਦੇਖਿ ਦੇਖਿ ਨਾਰੀ ।੩।।

(ਸੋਰਠਿ ਕਬੀਰ ਜੀ-੬੫੪)

ਬਾਹਰਹੁ ' ਪੰਡਿਤ ' ਸਦਾਇ, ਮਨਹੁ ਮੂਰਖ ਗਾਵਾਰ ।।

(ਮਾਰੂ ਸਲੋਕ ਮ: ੩-੧੦੧੯)

ਸੋ ਸਪਸ਼ਟ ਹੈ ਕਿ ਇਥੇ ਜੋ ' ਪੰਡਿਤ ' ਲਫਜ ਆਇਆ ਹੈ ਉਸਦਾ ਅਰਥ ਹੈ - ਬਹੁਤੇ ਪੰਡਿਤ ਭਾਵ ਗੁਰਸਿੱਖ । ਹਿੰਦੂ ਮਤ ਦੀ ਪ੍ਰਚਲਤ ਮਰਿਆਦਾ ਅਨੁਸਾਰ ਕੇਵਲ ਇਕੋ ਹੀ ਆਚਾਰਜੀ ਸਾਰੀ ਕਿਰਿਆ ਲਈ ਹੁੰਦਾ ਹੈ ਪਰ ਇਥੇ ਤਾਂ ਗੁਰੂ ਸਾਹਿਬ ਨੇ ਬਹੁਤੇ ਪੰਡਿਤਾਂ ਨੂੰ ਕਿਹਾ ਹੈ ਸੋ ਸਪਸ਼ਟ ਹੋਇਆ ਕਿ ਗੁਰੂ ਸਾਹਿਬ ਦਾ ਇਸ਼ਾਰਾ ਗੁਰਸਿੱਖਾਂ ਵੱਲ ਸੀ ।

**ਨੋਟ** : ਸ਼ਬਦ ' ਪੰਡਿਤ ' ਸੰਬੰਧੀ ਇੱਕ ਗੱਲ ਹੋਰ ਭੀ ਚੇਤੇ ਰੱਖਣ ਵਾਲੀ ਹੈ । ਹਿੰਦੂ ਮਤ ਅਨੁਸਾਰ ਹਰੇਕ ਹਿੰਦੂ ਨੂੰ ' ਪੰਡਿਤ ' ਦੀ ਲੋੜ ਸਾਰੀ ਜਿੰਦਗੀ ਵਿੱਚ ਦੋ ਵਾਰੀ ਪੈਂਦੀ ਹੈ ਵਿਆਹ ਵੇਲੇ, ਅਤੇ ਮਰਨ ਪਿਛੋਂ ' ਕਿਰਿਆ ' ਆਦਿਕ ਵੇਲੇ । ਕਈ ਅਮੀਰ ਲੋਕ ਬਾਲਕ ਜਨਮਣ ਤੇ ਭੀ ' ਪੰਡਿਤ ' ਪਾਸੋਂ ਜਨਮ-ਪਤ੍ਰੀ ਆਦਿਕ ਬਣਵਾਂਦੇ ਹਨ, ਪਰ ਇਸਤੋਂ ਬਿਨਾਂ ਭੀ ਕੰਮ ਸਰ ਸਕਦਾ ਹੈ, ਵਿਆਹ ਅਤੇ ਮਰਨਾ ' ਪੰਡਿਤ ' ਤੋਂ ਬਿਨਾਂ ਨਹੀਂ ਹੋ ਸਕਦਾ ।

ਹਿੰਦੂ ਮੱਤ ਨੂੰ ਲੈ ਕੇ, ਸਤਿਗੁਰੂ ਜੀ ਨੇ ਭੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਪਣੇ ਅਕਾਲ ਪੁਰਖ ਦੇ ਪੰਡਿਤਾਂ (ਭਾਵ, ਗੁਰਮੁਖ ਸਤਸੰਗੀਆਂ) ਦਾ ਵਿਚੋਲਾ-ਪਨ ਦੱਸਿਆ ਹੈ । ਮਰਨ ਵੇਲੇ ਦਾ ਜਿਕਰ ਤਾਂ ਇਸ ਸਦ ਵਿੱਚ ਆ ਗਿਆ ਹੈ । ' ਆਤਮਕ ਵਿਆਹ ' ਦਾ ਜ਼ਿਕਰ ਭੀ ਇਸੇ ਤਰ੍ਹਾਂ ਇਉ ਮਿਲਦਾ ਹੈ ।

" ਆਇਆ ਲਗਨ ਗਣਾਇ
ਹਿਰਦੇ ਧਨ ਓਮਾਹੀਆ ਬਲਿਰਾਮ ਜੀਉ ।।
ਪੰਡਿਤ ਪਾਧੇ ਆਣਿ ਪਤੀ
ਬਹਿ ਵਾਚਾਈਆ ਬਲਿਰਾਮ ਜੀਉ ।।
ਪਤੀ ਵਾਚਾਈ ਮਨਿ ਵਜੀ ਵਧਾਈ
ਜਬ ਸਾਜਨ ਸੁਣੇ ਘਰਿ ਆਏ ।।
ਗੁਣੀ ਗਿਆਨੀ ਬਹਿ ਮਤਾ ਪਕਾਇਆ
ਫੇਰੇ ਤਤੁ ਦਿਵਾਏ ।।
ਵਰੁ ਪਾਇਆ ਪੁਰਖੁ ਅਗੰਮੁ ਅਗੋਚਰੁ
ਸਦ ਨਵਤਨੁ ਬਾਲ ਸਖਾਈ ।।
ਨਾਨਕ ਕਿਰਪਾ ਕਰਿ ਕੈ ਮੇਲੇ

ਵਿਛੁੜਿ ਕਦੇ ਨ ਜਾਈ ।।੪।।੧।।

(ਸੂਹੀ, ਮ: ੪, ਛੰਤੁ ਘਰੁ ੭੭੮)

ਇਥੇ ਪਰਤੱਖ ਤੌਰ ਤੇ 'ਪੰਡਿਤ' ਤੋਂ ਭਾਵ 'ਗੁਰਮੁਖਿ ਜਨ' ਹੈ। ਬੱਸ ! ਸਾਰੀ ਬਾਣੀ ਵਿੱਚ ਕੇਵਲ ਇਨ੍ਹੀ ਦੋਹੀ ਥਾਈ 'ਰੱਬੀ ਪੰਡਿਤਾਂ' ਦਾ ਜ਼ਿਕਰ ਆਇਆ ਹੈ।

**ਪੜਹਿ**

ਪੜਹਿ-ਪੜ੍ਹਦੇ ਹਨ, ਇਹ ਕਿਰਿਆ 'ਬਹੁ ਵਚਨ' ਹੈ, ਇਸ ਦਾ ਇਕ ਵਚਨ 'ਪੜੈ' ਹੈ। ਇਸ ਲਈ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਕਿ ਇਥੇ ਕਿਸੇ ਇਕ 'ਪੰਡਿਤ' ਵੱਲ ਇਸ਼ਾਰਾ ਨਹੀ ਹੈ, ਕਈ ਪੰਡਿਤਾਂ ਨੂੰ ਸਦਣ ਦਾ ਹੁਕਮ ਹੈ, ਜੋ ਆ ਕੇ 'ਹਰਿ ਕਥਾ'- 'ਹਰੀ ਦੇ ਗੁਣ' ਅਤੇ ਹਰਿ ਨਾਮ ਰੂਪੀ ਪੁਰਾਣ ਪੜ੍ਹਨ।

ਹਰਿ ਹਰਿ-ਅਕਾਲ ਪੁਰਖ ਦੀ ਸਿਫਤ ਸਲਾਹ ਵਾਲੇ ਪੁਰਾਣ ਦੀ ਕਥਾ। (ਕਈ ਗਿਆਨੀ 'ਹਰਿ ਹਰਿ' ਦੇ ਗਲਤ ਅਰਥ ਕਰਦੇ ਹਨ, ਪਹਿਲਾ ਹਰਿ-ਵਿਸ਼ਨੂੰ ਅਤੇ ਦੂਜਾ ਹਰਿ-ਗਰੁੜ)।

ਪਰ ਉਹਨਾਂ ਨੂੰ ਇਹ ਸਮਝ ਨਹੀ ਆਈ ਕਿ ਅਗਲੀ ਤੁਕ ਵਿੱਚ ਸਤਿਗੁਰ ਜੀ ਫਿਰ ਕਹਿ ਰਹੇ ਹਨ ਕਿ ਹਰਿ ਕਥਾ ਪੜ੍ਹੋ, ਭਾਵ ਵਾਹਿਗੁਰੂ ਦੀ ਸਿਫਤ-ਸਾਲਾਹ ਸੁਣੋ :

**ਹਰਿ ਕਥਾ ਪੜੀਐ ਹਰਿ ਨਾਮੁ ਸੁਣੀਐ**

**ਅਰਥ–** ਜੋਤੀ-ਜੋਤਿ ਸਮਾਉਣ ਵੇਲੇ ਗੁਰੂ ਅਮਰਦਾਸ ਜੀ ਨੇ ਆਖਿਆ, ਹੇ ਭਾਈ! ਮੇਰੇ ਪਿਛੋਂ ਨਿਰੋਲ ਕੀਰਤਨ ਕਰਿਓ, ਕੇਸੋ ਗੋਪਾਲ (ਅਕਾਲ ਪੁਰਖ) ਦੇ ਪੰਡਿਤਾਂ ਨੂੰ, ਭਾਵ ਗੁਰਸਿੱਖਾਂ ਨੂੰ, ਸੱਦ ਘਲਿਓ, ਜੋ ਆ ਕੇ ਅਕਾਲ ਪੁਰਖ ਦੀ ਕਥਾ ਦੀ ਵਾਰਤਾ ਕਰਨ ਅਤੇ ਸਿਫਤ ਸਲਾਹ ਰੂਪੀ ਪੁਰਾਣ ਪੜ੍ਹਨ। ਚੇਤਾ ਰੱਖਿਓ ! ਮੇਰੇ ਵਾਸਤੇ ਅਕਾਲ ਪੁਰਖ ਦਾ ਸਿਮਰਨ ਸਿਫਤ ਸਲਾਹ ਕਰਨਾ ਹੀ ਪੁਰਾਣ ਦੀ ਕਥਾ ਹੈ।

**ਹਰਿ ਕਥਾ ਪੜੀਐ, ਹਰਿਨਾਮੁ ਸੁਣੀਐ,**
**ਬੇਬਾਣੁ ਹਰਿ ਰੰਗੁ ਗੁਰ ਭਾਵਏ ॥**
**ਪਿੰਡੁ ਪਤਲਿ ਕਿਰਿਆ ਦੀਵਾ ਫੁਲ, ਹਰਿ ਸਰਿ ਪਾਵਏ ॥**

**ਪਦ ਅਰਥ–** ਬੇਬਾਣ-ਵੱਡਾ ਕਰਨਾ (ਹਿੰਦੂ ਰੀਤੀ ਅਨੁਸਾਰ ਪੜਪੋਤੇ ਵਾਲਾ ਹੋ ਕੇ ਪ੍ਰਾਣੀ ਮਰੇ ਤਾਂ ਵੱਡਾ ਕਰਦੇ ਹਨ। ਮ੍ਰਿਤਕ ਨੂੰ ਫੱਟੇ ਉਪਰ ਲਿਟਾਇਆ ਜਾਂਦਾ ਹੈ। ਚੌਖਟੇ ਉਪਰ ਝੰਡੀਆਂ ਆਦਿ ਦੀ ਸਜਾਵਟ ਕੀਤੀ ਜਾਂਦੀ ਹੈ, ਅਤੇ ਪੈਸੇ, ਫੁੱਲ ਮਖਾਣੇ ਆਦਿ ਉਪਰ ਸਿੱਟੇ ਜਾਂਦੇ ਹਨ, ਚਉਰ ਕੀਤਾ ਜਾਂਦਾ ਹੈ ਅਤੇ ਬੈਂਡ ਵਾਜੇ ਵਜਾਏ ਜਾਂਦੇ ਹਨ। ਕਿਉਂਕਿ ਉਸ ਸਮੇਂ ਸਤਿਗੁਰਾਂ ਦੀ ਆਯੂ ੯੫ ਸਾਲ ਦੀ ਸੀ, ਉਹਨਾਂ ਨੇ ਹੁਕਮ ਕੀਤਾ ਕਿ ਮੈਨੂੰ 'ਵੱਡਾ' ਵੀ ਨਹੀਂ ਕਰਨਾ)। ਹਰਿ ਰੰਗੁ-ਅਕਾਲ ਪੁਰਖ ਦਾ ਪਿਆਰ। ਗੁਰ ਭਾਵਏ-ਗੁਰੂ ਨੂੰ ਚੰਗਾ ਲੱਗਦਾ ਹੈ।

ਪਿੰਡ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ -ਇਹ ਇਕ (Complete) ਪੂਰਨ ਫਿਕਰਾ ਹੈ। ਕਈਆਂ ਨੇ 'ਹਰਿ ਸਰਿ' ਦੇ ਅਰਥ ਗੰਗਾ ਨਦੀ ਕੀਤਾ ਹੈ, ਜੋ ਗਲਤ ਹਨ। ਇਥੇ 'ਹਰਿ ਸਰਿ' ਸਤਿ ਸੰਗਤ ਵਾਸਤੇ ਵਰਤਿਆ ਗਿਆ ਹੈ। ਜੇ 'ਹਰਿ ਸਰਿ' ਦਾ ਮਤਲਬ 'ਗੰਗਾ ਨਦੀ' ਲਿਆ ਜਾਵੇ ਤਾਂ ਭਾਵ ਇਹ ਹੋਇਆ ਕਿ ਮੈਂ ਸਾਰੀਆਂ ਚੀਜਾਂ ਗੰਗਾ ਵਿੱਚ ਪਾਂਦਾ ਹਾਂ; ਭਾਵ, ਕੱਪੜੇ, ਅੰਨ, ਦੀਵਾ ਅਤੇ ਹੋਰ ਚੀਜ਼ਾਂ ਸਭ ਗੰਗਾ ਵਿੱਚ ਪਾਉਂਦਾ ਹਾਂ।

ਇਸ ਦਾ ਕੋਈ ਅਰਥ ਨਹੀ ਨਿਕਲਦਾ ਕਿਉਂਕਿ ਹਿੰਦੂ ਵੀ ਕਦੀ ਉਪਰੋਕਤ ਵਸਤਾਂ ਗੰਗਾ ਵਿੱਚ ਨਹੀ ਪਾਉਂਦੇ । ਉਹ ਕੇਵਲ ਫੁਲ (ਅਸਥੀਆਂ) ਹੀ ਗੰਗਾ ਵਿੱਚ ਪਾਉਂਦੇ ਹਨ ।

ਇਥੇ ਇਹ ਚੀਜ ਧਿਆਨ ਮੰਗਦੀ ਹੈ ਕਿ 'ਕਿਰਿਆ' ਕਿਸੇ ਚੀਜ਼ ਦਾ ਨਾਮ ਨਹੀ ਹੈ ਜੋ 'ਹਰਿਦੁਆਰ' ਵਿੱਚ ਪਾਈ ਜਾ ਸਕੇ । ਪਰ ਸਤਿਗੁਰ ਅਮਰਦਾਸ ਜੀ ਇਹਨਾਂ ਸਭਨਾਂ ਨੂੰ 'ਸਤਿਸੰਗਤ' ਵਿੱਚ ਪਾਉਂਦੇ ਹਨ, ਭਾਵ ਇਹਨਾਂ ਚੀਜਾਂ ਨੂੰ 'ਸਤਿਸੰਗਤ' ਤੋਂ ਵਾਰਦੇ ਹਨ, ਸਭ ਨਾਲੋਂ ਸਤਿਸੰਗ ਕਰਨ ਨੂੰ ਹੀ ਸਰੇਸ਼ਟ ਸਮਝਦੇ ਹਨ ।

**ਹਰਿਸਰਿ**

ਇਸਦਾ ਅਰਥ ਹੈ 'ਹਰਿਸਰਿ ਵਿੱਚ' ।

(ੳ) ਹਿੰਦੂ ਧਰਮ ਦੇ ਗੰਗਾ ਦੇ ਕੰਢੇ ਵਾਲੇ ਤੀਰਥ ਦਾ ਆਮ ਪ੍ਰਸਿੱਧ ਨਾਮ 'ਹਰਿਦੁਆਰ' ਹੈ, ਕਦੇ ਕਿਸੇ ਹਿੰਦੂ ਸੱਜਣ ਦੇ ਮੂੰਹੋਂ ਭੀ ਇਸ ਦਾ ਨਾਮ 'ਹਰਿਸਰ' ਸੁਣਨ ਵਿੱਚ ਨਹੀ ਆਇਆ। ਕੋਸ਼ ਵਿੱਚ ਭੀ ਨਾਮ 'ਹਰਿਦੁਆਰ' ਹੈ, 'ਹਰਿਸਰ' ਨਹੀ ।

(ਅ) ਲਫ਼ਜ਼ 'ਹਰਿਦੁਆਰ' ਗੁਰਬਾਣੀ ਵਿੱਚ ਕਈ ਥਾਈ ਆਇਆ ਹੈ, ਪਰ ਉਸਦਾ ਇਸ਼ਾਰਾ ਹਿੰਦੂ ਤੀਰਥ ਵੱਲ ਕਿਤੇ ਨਹੀ ਹੈ, ਉਸ ਦਾ ਅਰਥ ਹੈ 'ਅਕਾਲ ਪੁਰਖ ਦਾ ਦਰ' ਜਿਵੇਂ-

**(੧) ਸਤਬਚਨ ਵਰਤਹਿ 'ਹਰਿਦੁਆਰੁ' ॥੭॥੧॥੨੯॥**

(ਗੋਡ ਅਸਟਪਦੀ ਮ: ੫-੮੬੯)

**(੨) ਨਾਨਕ ਭਗਤ ਸੋਹਹਿ 'ਹਰਿਦੁਆਰ' ॥੪॥੧॥੩੪॥**

(ਰਾਮਕਲੀ ਮ: ੫-੮੮੩)

**(੩) ਜਿਨ ਪੂਰਾ ਸਤਿਗੁਰੁ ਸੇਵਿਆ**
**ਸੇ ਅਸਥਿਰੁ 'ਹਰਿਦੁਆਰਿ' ॥੪॥੧॥੩੧॥**

(ਬਿਲਾਵਲੁ ਮ: ੫-੮੦੮)

**(੪) ਸਰਨਿ ਪਰਿਓ ਨਾਨਕ 'ਹਰਿਦੁਆਰੇ' ॥੪॥੪॥**

(ਵਡਹੰਸ ਮ: ੫-੫੬੩)

**(੫) ਨਾਨਕ ਨਾਮਿ ਮਿਲੇ ਵਡਿਆਈ**
**'ਹਰਿ ਦਰਿ' ਸੋਹਨਿ ਆਗੇ ॥੨॥੧੧॥**

(ਵਡਹੰਸ ਕੀ ਵਾਰ ਮ: ੪-੫੯੦)

**(੬) 'ਹਰਿ ਦਰਿ' ਤਿਨ ਕੀ ਊਤਮ ਬਾਤ ਹੈ ਸੰਤਹੁ**
**ਹਰਿ ਕਥਾ ਜਿਨ ਜਨਹੁ ਜਾਨੀ ।ਰਹਾਉ ॥੫॥੧੧॥**

(ਧਨਾਸਰੀ ਮ: ੪-੬੬੯)

**(੭) ਜਿਨ ਜਪਿਆ ਹਰਿ ਤੇ ਮੁਕਤ ਪ੍ਰਾਣੀ**

**ਤਿਨ ਕੇ ਉਜਲ ਮੁਖ 'ਹਰਿਦੁਆਰਿ' ॥੨॥੨੨॥**

(ਤੁਖਾਰੀ ਮ: ੪ ਛੰਤ-੧੧੧੫)

(ੲ) ਹੁਣ ਆਓ, ਵੇਖੀਏ, ਸ਼ਬਦ ' ਹਰਿਸਰ ' ਗੁਰਬਾਣੀ ਵਿੱਚ ਕਿਸ ਅਰਥ ਵਿੱਚ ਮਿਲਦਾ ਹੈ-

(੧) ਹਉਮੈ ਮੈਲੁ ਸਭ ਉਤਰੀ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤ ' ਹਰਿਸਰਿ ' ਨਾਤੇ ਰਾਮ ॥੪॥੩॥

(ਬਿਹਾਗੜਾ ਮ: ੪-੫੩੯)

(੨) ਹਰਿ ਚਰਣ ਸਰੋਵਰ ' ਤਹ ਕਰਹੁ ਨਿਵਾਸੁ ਮਨਾ ॥
ਕਰਿ ਮਜਨੁ ' ਹਰਿਸਰੇ '
ਸਭਿ ਕਿਲਬਿਖ ਨਾਸੁ ਮਨਾ ॥ ॥੧॥੨॥੫॥

(ਬਿਹਾਗੜਾ ਮ: ੫-੫੪੪)

(੩) ਜਿਨਿ ਹਰਿ ਰਸੁ ਚਾਖਿਆ
ਸਬਦਿ ਸੁਭਾਖਿਆ ' ਹਰਿਸਰਿ ' ਰਹੀ ਭਰਪੂਰੇ ॥੨॥੫॥

(ਵਡਹੰਸੁ ਮ: ੩ ਛੰਤ-੫੬੮)

(੪) ਤੁਮ ' ਹਰਿਸਰਵਰ ' ਅਤਿ ਅਗਾਹ
ਹਮ ਲਹਿ ਨ ਸਕਹਿ ਅੰਤੁ ਮਾਤੀ ॥੨॥੫॥

(ਧਨਾਸਰੀ ਮ: ੪-੬੬੮)

(੫) ਹਰਿ ਰਸੁ ਚੋਗ ਚੁਗਹਿ ਪ੍ਰਭ ਭਾਵੈ ॥
' ਸਰਵਰ ' ਮਹਿ ਹੰਸੁ ਪ੍ਰਾਨਪਤਿ ਪਾਵੈ ॥੧॥੧॥

(ਧਨਾਸਰੀ ਮ: ੧ ਅਸਟਪਦੀਆਂ-੬੮੫)

(੬) ਗੁਰੁ ' ਸਰਵਰ ' ਮਾਨਸਰੋਵਰੁ ਹੈ,
ਵਡਭਾਗੀ ਪੁਰਖ ਲਹੰਨਿ ॥੨॥੪॥੯॥

(ਸੂਹੀ ਮ: ੩ ਅਸਟਪਦੀਆਂ-੭੫੭)

(੭) ' ਹਰਿਸਰਿ ' ਨਿਰਮਲਿ ਨਾਏ ॥੨॥੧॥੩॥

(ਸੂਹੀ ਛੰਤ ਮ: ੪-੭੭੪)

(੮) ' ਹਰਿ ਜਨ ਅੰਮ੍ਰਿਤ ਕੁੰਟ ਸਰ ' ਨੀਕੇ,
ਵਡਭਾਗੀ ਤਿਤੁ ਨਾਵਾਈਐ ॥੧॥੪॥

(ਰਾਮਕਲੀ ਮ: ੪-੮੮੧)

(੯) ਦੁਰਮਤਿ ਮੈਲੁ ਗਈ ਸਭ ਨੀਕਰਿ,
ਹਰਿ ਅੰਮ੍ਰਿਤ ' ਹਰਿਸਰਿ ' ਨਾਤਾ ॥੧੨॥

(ਮਾਲੀ ਗਉੜਾ ਮ: ੪-੮੮੪)

(੧੦) ' ਹਰਿਸਰੁ ' ਸਾਗਰੁ ਸਦਾ ਜਲੁ ਨਿਰਮਲੁ,
ਨਾਵੈ ਸਹਜਿ ਸੁਭਾਈ ॥੫॥ (ਸਾਰੰਗ ਮ: ੩, ਅਸਟਪਦੀਆਂ-੧੨੩੩)

(੧੧) ' ਹਰਿਸਰਿ ਤੀਰਥ ' ਜਾਣਿ ਮਨੂਆ ਨਾਇਆ ॥੧੮॥

(ਮਲਾਰ ਕੀ ਵਾਰ ਮ: ੧-੧੨੮੬)

ਇਹਨਾਂ ਤੁਕਾਂ ਵਿੱਚ ਹਰੀ ਦੇ ਚਰਨਾਂ ਨੂੰ, ਗੁਰੂ ਨੂੰ, ਅਤੇ ਸਤਸੰਗ ਨੂੰ ' ਹਰਿਸਰ ' ਆਖਿਆ ਗਿਆ ਹੈ ।

(ਸ) ' ਹਰਿਸਰ ' ਲਫ਼ਜ਼ ਤੋਂ ਛੁੱਟ ' ਅੰਮ੍ਰਿਤਸਰ ', ' ਸਤਸਰਿ ' ਆਦਿਕ ਲਫਜ ਭੀ ਇਸੇ ਹੀ ਭਾਵ ਵਿੱਚ ਵਰਤੇ ਗਏ ਹਨ, ਜਿਵੇਂ-

**(੧) ਸਚਾ ਤੀਰਥੁ ਜਿਤੁ ' ਸਤਸਰਿ ' ਨਾਵਣੁ,**
**ਗੁਰਮੁਖਿ ਆਪਿ ਬੁਝਾਏ ।।੫।।੧।।**

(ਸੂਹੀ ਮ: ੩, ਅਸਟਪਦੀਆਂ-੭੫੩)

**(੨) ਗੁਰ ' ਅੰਮ੍ਰਿਤਸਰਿ ' ਨਵਲਾਇਆ,**
**ਸਭਿ ਲਾਥੇ ਕਿਲਵਿਖ ਪੰਙੂ ।।੩।।੩।।** (ਸੂਹੀ ਮ: ੪-੭੩੨)

**(੩) ਤਿਨ ਮਿਲਿਆ ਮਲੁ ਸਭ ਜਾਏ**
**' ਸਚੇ ਸਰਿ ' ਨ੍ਹਾਏ ਸਚੇ ਸਹਜਿ ਸੁਭਾਏ ।।੪।।੪।।**

(ਵਡਹੰਸ ਮਹਲਾ ੩, ਛੰਤ ੫੮੫)

**(੪) ਮੈਲੁ ਗਈ ਮਨੁ ਨਿਰਮਲੁ ਹੋਆ,**
**' ਅੰਮ੍ਰਿਤਸਰਿ ' ਤੀਰਥ ਨਾਇ ।੨।੪।।** (ਵਡਹੰਸ ਕੀ ਵਾਰ-੫੯੭)

**(੫) ਮਨੁ ਸੰਪਟੁ ਜਿਤੁ ' ਸਤਸਰਿ ' ਨਾਵਣੁ ,**
**ਭਾਵਨ ਪਾਤੀ ਤ੍ਰਿਪਤਿ ਕਰੇ ।।੩।।੧।।** (ਸੂਹੀ ਮ: ੧-੭੨੮)

**(੬) ਜਿਨ ਕਉ ਤੁਮ ਹਰਿ ਮੇਲਹੁ ਸੁਆਮੀ,**
**ਤੇ ਨਾਏ ' ਸੰਤੋਖ ਗੁਰ ਸਰਾ ' ।੪।੩।।**

(ਬਿਲਾਵਲੁ ਮ: ੪ ਘਰੁ ੩-੭੭੪)

**(੭) ਗੁਰੁ ਸਾਗਰੁ ' ਅੰਮ੍ਰਿਤਸਰੁ '**
**ਜੋ ਇਛੇ ਸੋ ਫਲੁ ਪਾਏ ।।੭।।੫।।**

(ਮਾਰੂ ਮ: ੧-੧੦੧੧)

**(੮) ਤਿਤੁ ' ਸਤ ਸਰਿ ' ਮਨੂਆ ਗੁਰਮੁਖਿ ਨਾਵੈ**
**ਫਿਰਿ ਬਾਹੁੜਿ ਜੋਨਿ ਨ ਪਾਇਦਾ ।।੪।।੫।।੧੭।।**

(ਮਾਰੂ ਮ. ੧, ਸੋਲਹੇ-੧੦੩੭)

**(੯) ਬਿਖਿਆ ਮਲੁ ਜਾਇ ' ਅੰਮ੍ਰਿਤਸਰਿ ' ਨਾਵਹੁ**
**ਗੁਰ ਸਰ ਸੰਤੋਖੁ ਪਾਇਆ ।।੮।।੫।।੨੨।।**

(ਮਾਰੂ ਮ. ੩, ਸੋਲਹੇ-੧੦੪੩)

**(੧੦) ਕਾਇਆ ਅੰਦਰਿ ' ਅੰਮ੍ਰਿਤਸਰੁ ' ਸਾਚਾ**
**ਮਨੁ ਪੀਵੈ ਭਾਇ ਸੁਭਾਈ ਹੇ ।।੪।।੩।।**

(ਮਾਰੂ ਮ. ੩, ਸੋਲਹੇ-੧੦੪੬)

**(੧੧) ਗੁਰਮੁਖਿ ਮਨੁ ਨਿਰਮਲੁ ' ਸਤਿਸਰਿ ' ਨਾਵੈ ।।**
**ਮੈਲੁ ਨ ਲਾਗੈ ਸਚਿ ਸਮਾਵੈ ।।੪।।੧।।੫੧।।**

(ਮਾਰੂ ਮ. ੩, ਸੋਲਹੇ-੧੦੫੮)

(ਹ) ਗੁਰਮੁਖਾਂ ਦੇ ਚਰਨਾਂ ਨੂੰ ' ਗੰਗਾ ' ਆਦਿਕ ਕਰੋੜਾਂ ਤੀਰਥਾਂ ਦੇ ਤੁਲ ਸਮਝਦੇ ਹਨ :

**ਜਨ ਪਾਰਬ੍ਰਹਮ ਜਾ ਕੀ ਨਿਰਮਲ ਮਹਿਮਾ**
**ਜਨ ਕੇ ਚਰਨ ਤੀਰਥ ਕੋਟਿ ਗੰਗਾ ॥**
**ਜਨ ਕੀ ਧੂਰਿ ਕੀਓ ਮਜਨੁ ਨਾਨਕ**
**ਜਨਮ ਜਨਮ ਕੇ ਹਰੇ ਕਲੰਗਾ ॥੨॥੮॥੧੨੦॥**

(ਬਿਲਾਵਲੁ ਮ: ੫-੮੨੮)

ਪਾਵਏ - (ਗੁਰੂ) ਪਾਵਏ, ਗੁਰੂ ਪਾਂਦਾ ਹੈ । (ਸਮਾਵਏ, ਮੇਲਾਵਏ, ਪੈਨਾਵਏ, ਭਾਵਏ-ਇਹ ਸਾਰੇ ਸ਼ਬਦ ' ਵਰਤਮਾਨ ਕਾਲ ', ਅਨਪੁਰਖ, ਇਕ ਵਚਨ ਵਿੱਚ ਹਨ ਅਤੇ ਪਾਵਹੇ, ਧਿਆਵਹੇ, ਬਹੁ ਵਚਨ ਹਨ) ।

**ਅਰਥ–** ਗੁਰੂ ਸਾਹਿਬ ਫਿਰ ਦ੍ਰਿੜ ਕਰਾਉਂਦੇ ਹਨ ਕਿ ਚੇਤਾ ਰਖਿਓ, ਮੇਰੇ ਪਿੱਛੋਂ ਅਕਾਲ ਪੁਰਖ ਦੀ ਕਥਾ ਹੀ ਪੜ੍ਹਨੀ, ਅਕਾਲ ਪੁਰਖ ਦਾ ਨਾਮ ਹੀ ਸੁਣਨਾ, ਬੇਬਾਣ ਭੀ ਗੁਰੂ ਨੂੰ ਕੇਵਲ ਅਕਾਲ ਪੁਰਖ ਦਾ ਪਿਆਰ ਹੀ ਚੰਗਾ ਲੱਗਦਾ ਹੈ, ਗੁਰੂ ਤਾਂ ਪਿੰਡ ਪਤਲਿ, ਕਿਰਿਆ ਦੀਵਾ ਅਤੇ ਫੁੱਲ-ਇਹਨਾਂ ਸਭਨਾਂ ਨੂੰ ਸਤਿਸੰਗ ਤੋਂ ਸਦਕੇ ਕਰਦਾ ਹੈ ।

**ਹਰਿ ਭਾਇਆ ਸਤਿਗੁਰੁ ਬੋਲਿਆ,**
**ਹਰਿ ਮਿਲਿਆ ਪੁਰਖੁ ਸੁਜਾਣੁ ਜੀਉ ॥**
**ਰਾਮਦਾਸ ਸੋਢੀ ਤਿਲਕੁ ਦੀਆ,**
**ਗੁਰਸਬਦੁ ਸਚੁ ਨੀਸਾਣ ਜੀਉ ॥੫॥**

**ਪਦ ਅਰਥ–** ਸੁਜਾਣੁ ਪੁਰਖੁ-ਅਕਾਲ ਪੁਰਖ । ਤਿਲਕੁ ਦੀਆ-ਗੁਰਿਆਈ ਬਖਸ਼ੀ। ਨੀਸਾਣੁ-ਪਰਵਾਨਾ, ਰਾਹਦਾਰੀ ।

**ਅਰਥ–** ਅਕਾਲ ਪੁਰਖ ਨੂੰ ਪਿਆਰੇ ਲੱਗੇ ਹੋਏ ਗੁਰੂ ਨੇ (ਉਸ ਵੇਲੇ) ਇਉਂ ਆਖਿਆ, " ਸਤਿਗੁਰੂ ਨੂੰ ਸੁਜਾਣ ਅਕਾਲ ਪੁਰਖ ਮਿਲ ਗਿਆ ਹੈ ।" ਫਿਰ ਗੁਰੂ ਅਮਰਦਾਸ ਜੀ ਨੇ (ਗੁਰੂ) ਰਾਮਦਾਸ ਜੀ ਨੂੰ ਗੁਰਿਆਈ ਅਤੇ ਗੁਰੂ ਦੇ ਸ਼ਬਦ ਰੂਪੀ ਸੱਚੀ ਰਾਹਦਾਰੀ ਬਖਸ਼ੀ ।੫।

**ਸਤਿਗੁਰੁ ਪੁਰਖੁ ਜਿ ਬੋਲਿਆ,**
**ਗੁਰਸਿਖਾਂ ਮੰਨਿ ਲਈ ਰਜਾਇ ਜੀਉ ॥**
**ਮੋਹਰੀ ਪੁਤੁ ਸਨਮੁਖੁ ਹੋਇਆ, ਰਾਮਦਾਸੈ ਪੈਰੀ ਪਾਇ ਜੀਉ ॥**

**ਪਦ ਅਰਥ–** ਸਤਿਗੁਰੁ ਪੁਰਖੁ-ਪੂਰਾ ਗੁਰੂ, ਗੁਰੂ ਅਮਰਦਾਸ । ਰਜਾਇ-(ਗੁਰੂ ਦਾ) ਹੁਕਮ । ਸਨਮੁਖੁ ਹੋਇਆ-ਗੁਰੂ ਅਮਰਦਾਸ ਜੀ ਦੇ ਸਾਹਮਣੇ ਸੁਰਖਰੂ ਹੋ ਖਲੋਤਾ । ਰਾਮਦਾਸੈ ਪੈਰੀ-ਗੁਰੂ ਰਾਮਦਾਸ ਜੀ ਦੇ ਚਰਨਾਂ ਤੇ । ਪਾਇ-ਪੈ ਕੇ ।

**ਅਰਥ-** ਜਦੋਂ ਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਕਿ ਸਾਰੇ ਗੁਰੂ ਰਾਮਦਾਸ ਜੀ ਦੀ ਚਰਨੀ ਲੱਗਣ, ਤਾਂ ਗੁਰਸਿੱਖਾਂ ਨੇ ਗੁਰੂ ਅਮਰਦਾਸ ਜੀ ਦਾ ਹੁਕਮ ਮੰਨ ਲਿਆ । ਗੁਰੂ ਅਮਰਦਾਸ ਜੀ ਦੇ ਪੁਤਰ ਮੋਹਰੀ ਜੀ ਗੁਰੂ ਰਾਮਦਾਸ ਜੀ ਦੇ ਪੈਰਾਂ ਤੇ ਪੈ ਕੇ ਪਿਤਾ ਸਾਮ੍ਹਣੇ ਸੁਰਖਰੂ ਹੋ ਕੇ ਆ ਖਲੋਤੇ ।

**ਸਭ ਪਵੈ ਪੇਰੀ ਸਤਿਗੁਰੂ ਕੇਰੀ, ਜਿਥੈ ਗੁਰੂ ਆਪੁ ਰਖਿਆ ।।**
**ਕੋਈ ਕਰਿ ਬਖੀਲੀ ਨਿਵੈ ਨਾਹੀ,**
**ਫਿਰਿ ਸਤਿਗੁਰੁ ਆਣਿ ਨਿਵਾਇਆ ।।**

**ਪਦ ਅਰਥ–** ਸਭ-ਸਾਰੀ ਲੋਕਾਈ । ਸਤਿਗੁਰੂ ਕੇਰੀ-ਗੁਰੂ ਰਾਮਦਾਸ ਜੀ ਦੀ । ਆਪੁ-ਆਪਣੇ ਆਪ ਨੂੰ, ਆਪਣੀ ਆਤਮਾ । ਬਖੀਲੀ-ਨਿੰਦਾ । ਆਣਿ-ਲਿਆ ਕੇ ।

**ਅਰਥ–** ਗੁਰੂ ਰਾਮਦਾਸ ਜੀ ਵਿੱਚ ਗੁਰੂ ਅਮਰਦਾਸ ਜੀ ਨੇ ਆਪਣੀ ਜੋਤਿ ਟਿਕਾ ਦਿੱਤੀ, ਇਸ ਲਈ ਸਾਰੀ ਲੋਕਾਈ ਗੁਰੂ ਰਾਮਦਾਸ ਜੀ ਦੀ ਪੈਰੀਂ ਆ ਪਈ । ਜੋ ਕੋਈ ਨਿੰਦਾ ਕਰਕੇ ਪਹਿਲਾਂ ਨਹੀਂ ਭੀ ਸੀ ਨਿਵਿਆ, ਉਸ ਨੂੰ ਭੀ ਗੁਰੂ ਅਮਰਦਾਸ ਜੀ ਨੇ ਲਿਆ ਕੇ ਆ ਪੈਰੀਂ ਪਾਇਆ ।

**ਹਰਿ ਗੁਰਹਿ ਭਾਣਾ ਦੀਈ ਵਡਿਆਈ,**
**ਧੁਰਿ ਲਿਖਿਆ ਲੇਖੁ ਰਜਾਇ ਜੀਉ ।।**
**ਕਹੈ ਸੁੰਦਰੁ ਸੁਣਹੁ ਸੰਤਹੁ, ਸਭੁ ਜਗਤੁ ਪੈਰੀ ਪਾਇ ਜੀਉ ।।੬।।**

**ਪਦ ਅਰਥ–** ਗੁਰਹਿ ਭਾਣਾ-ਗੁਰੂ (ਅਮਰਦਾਸ ਜੀ ਨੂੰ) ਚੰਗਾ ਲੱਗਾ । ਦੀਈ-ਦਿੱਤੀ (ਗੁਰੂ ਰਾਮਦਾਸ ਜੀ ਨੂੰ) । ਲੇਖੁ ਰਜਾਇ-ਅਕਾਲ ਪੁਰਖ ਦਾ ਹੁਕਮ । ਪੈਰੀ ਪਾਇ-ਗੁਰੂ ਰਾਮਦਾਸ ਜੀ ਦੇ ਪੈਰਾਂ ਉੱਤੇ ਪਿਆ ।

**ਅਰਥ**—ਸੁੰਦਰ ਆਖਦਾ ਹੈ ਕਿ ਹੇ ਸੰਤਹੁ! ਸੁਣੋ, ਅਕਾਲ ਪੁਰਖ ਅਤੇ ਗੁਰੂ ਅਮਰਦਾਸ ਜੀ ਨੂੰ ਇਹੀ ਚੰਗਾ ਲੱਗਾ, ਉਹਨਾਂ ਗੁਰੂ ਰਾਮਦਾਸ ਜੀ ਨੂੰ ਵਡਿਆਈ ਬਖਸ਼ੀ, ਧੁਰੋਂ ਅਕਾਲ ਪੁਰਖ ਦਾ ਇਹੀ ਹੁਕਮ ਲਿਖਿਆ ਆਇਆ ਸੀ, ਇਸੇ ਵਾਸਤੇ ਸਾਰਾ ਜਗਤ ਗੁਰੂ ਰਾਮਦਾਸ ਜੀ ਦੀ ਪੈਰੀਂ ਪਿਆ ।੬।

ਇਸ ਬਾਣੀ ਦੀ ਵਿਚਾਰ ਤੋਂ ਸਪਸ਼ਟ ਹੈ ਕਿ ਗੁਰਸਿੱਖਾਂ ਨੇ ਪ੍ਰਾਣੀ ਦੇ ਅਕਾਲ ਚਲਾਣਾ ਕਰਨ ਸਮੇਂ-

(੧) ਪਿੰਡ, ਪਤਲ ਆਦਿ ਗੁਰਮਤਿ-ਵਿਰੋਧੀ ਕਰਮ ਨਹੀ ਕਰਨੇ ।

(੨) ਫੁੱਲ ਨਹੀਂ ਚੁਗਣੇ, ਨਾ ਹੀ ਹਰਦੁਆਰ, ਪਤਾਲਪੁਰੀ ਆਦਿ ਵਿੱਚ ਫੁੱਲ ਪਾਉਣ ਜਾਣਾ ਹੈ ।

(੩) ਗਰੁੜ ਪੁਰਾਣ ਦੀ ਕਥਾ ਨਹੀ ਕਰਨੀ । ਸਗੋਂ ਸਭ ਸਿੱਖਾਂ ਨੇ ਮਿਲ ਕੇ ਗੁਰਬਾਣੀ ਗਾਇਨ ਕਰਨੀ ਹੈ ।

(੪) ਮਿਰਤਕ ਪ੍ਰਾਣੀ ਦੇ ਵਿਛੋੜੇ ਵਿੱਚ ਉੱਚੀ ਉੱਚੀ ਰੋਣਾ ਨਹੀ, ਸਗੋਂ ਵਾਹਿਗੁਰੂ ਦੇ ਹੁਕਮ ਵਿੱਚ ਰਹਿਣਾ ਹੈ - ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੈ ।

**ਸ਼ਬਦ ਉਚਾਰਣ–** ਤਿਹੁ ਦਾ ਉਚਾਰਨ ਤਿਹ ਕਰਨਾ ਹੈ

ਜਾਣਹਿ, ਸ਼ਬਦ, ਚਲਦਿਆਂ, ਵਜਹਿ, ਤੁਸੀ, ਮੈਂ, ਹੋਂਦੇ, ਪੈਰੀਂ, ਪੜਹਿ, ਗੁਰਸਿੱਖਾਂ, ਰਜ਼ਾਇ, ਗੁਰਹਿ ਆਦਿ ਬਿੰਦੇ ਸਹਿਤ ਉਚਾਰਣੇ ਹਨ ।